ਸੂਰਾ
ਮਾਸਕ ਪੱਤਰ

ਅਗਸਤ ੧੯੯੨
ਅੰਮ੍ਰਿਤਸਰ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਜਨਮ-ਸ਼ਤਾਬਦੀ 7 ਜੁਲਾਈ ਨੂੰ
ਅਤੇ ਸ੍ਰੀ ਬਾਊ ਮੱਲ ਸਿੰਘ ਜੀ ਦੀ ਸਾਲਾਨਾ ਬਰਸੀ 23 ਜੁਲਾਈ ਨੂੰ



www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੩/੭੦-੬੮-੨੧ (ਮਿਤੀ ੧੭-੧੦-੬੮ ਅ. ਪ.) ਅਨੁਸਾਰ 'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਪ੍ਰਮਾਤਮ ਪੂਜਾ, ਤਸਵੀਰ ਪੂਜਾ ਅਤੇ ਨਾਮ ਜਪਣ ਦੀ ਜੁਗਤੀ | ਭਾ: ਸਾ: ਭਾਈ ਰਣਧੀਰ ਸਿੰਘ ਜੀ | ੩ |
| ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ ਦਿਸੰਨਿ | ਜਥੇਦਾਰ ਅਖੰਡ ਕੀਰਤਨੀ ਜਥਾ | ੭ |
| ਨਾਰੰਗਵਾਲ ਕੀਰਤਨ ਸਮਾਗਮ ਦੇ ਦਰਸ਼ਨ | 'ਸੂਰਾ' ਪਰਵਾਰ | ੮ |
| ਭਾਈ ਰਣਧੀਰ ਸਿੰਘ ਜੀ | ਸ: ਕੁਲਦੀਪ ਸਿੰਘ ਹਉਰਾ | ੧੦ |
| ਪੂਰਬ ਜਨਮ ਕੇ ਮਿਲੇ ਸੰਜੋਗੀ (੭) | ਪ੍ਰੋਫੈਸਰ ਠਾਕਰ ਸਿੰਘ ਜੀ | ੧੨ |
| ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ (ਕਵਿਤਾ) | ਸ: ਦਾਨ ਸਿੰਘ ਜੀ ਕੋਮਲ | ੧੫ |
| ਸਿਖ ਕੌਮ ਦਾ ਸ਼ਾਨਦਾਰ ਵਿਰਸਾ ਅਤੇ ਅਰੁਨ ਸ਼ੋਰੀ | ਸ: ਦੇਵਿੰਦਰ ਸਿੰਘ ਜੀ ਦੁਗਲ | ੧੮ |
| ਕਉਣਗੁਰੂ ? ਕੋਪਹਿਦੀਖਿਆਲੇਵਾਂ ? | ਭਾਈ ਸਾਹਿਬ ਰਾਮ ਸਿੰਘ ਜੀ | ੨੮ |
| ਅੰਮ੍ਰਿਤਧਾਰੀ ਸਿੰਘਾਂ ਦੀ ਫੜੋ ਫੜੀ ਤੇ ਸਖ਼ਤੀ —— | ਅਖ਼ਬਾਰਾਂ ਦੀ ਜ਼ਬਾਨੀ | ੩੭ |


ਸ੍ਰੀ ਗੁਰੂ ਗ੍ਰੰਥ ਸਾਹਿਬ ਪਹਿਲਾ ਪ੍ਰਕਾਸ਼ ੧੯ ਅਗਸਤ

ਸ੍ਰੀ ਗੁਰੂ ਅਰਜਨ ਦੇਵ ਜੀ ਗੁਰਿਆਈ ੨੦ ਅਗਸਤ ਸ੍ਰੀ ਗੁਰੂ ਰਾਮਦਾਸ ਜੀ ਜੋਤੀ ਜੋਤਿ ੨੧ ਅਗਸਤ

## 'ਸੂਰਾ' ਮਾਸਕ ਪੱਤਰ ਨੂੰ ਪੂੰਜੀ ਸਹਾਇਤਾ

| | | |
|---|---|---|
| ਸ: ਹਰਜੀਤ ਸਿੰਘ ਕਲਕੱਤਾ | ਸਪੁੱਤਰ ਦੇ ਅਨੰਦ ਦੀ ਖੁਸ਼ੀ ਵਿਚ | 62-00 |
| ਸ: ਬਲਬੀਰ ਸਿੰਘ ਗੁਰਾਇਆ | ਸੂਰਾ ਦੀ ਚੜ੍ਹਦੀ ਕਲਾ ਲਈ | 10-00 |
| ਕੁਮਾਰ ਜਨਰਲ ਸਟੋਰ, ਕੋਟਾ | ਪਿਤਾ ਸ: ਖਜ਼ਾਨ ਸਿੰਘ ਦੇ ਭੋਗ ਸਮੇਂ | 21-00 |
| ਸ: ਵਜ਼ੀਰ ਸਿੰਘ ਮੁਰਾਦਾਬਾਦ | ਪੋਤਰੇ ਦੇ ਜਨਮ ਦੀ ਖੁਸ਼ੀ ਵਿਚ | 21-00 |
| ਅਖੰਡ ਕੀਰਤਨੀ ਜਥਾ ਹਰਿਆਨਾ ਪਿੰਡ | ਸੂਰਾ ਦੀ ਚੜ੍ਹਦੀ ਕਲਾ ਲਈ | 75-00 |
| ਸ: ਜਗਦੀਸ਼ਰ ਸਿੰਘ ਘੁਮਾਣ ਯੂ. ਐਸ. ਏ. | ,, ,, ,, | 494-00 |
| ਸ: ਹਰਬੰਸ ਸਿੰਘ ਅਹਿਮਦਗੜ੍ਹ | ,, ,, ,, | 21-00 |
| ਸ: ਸੁਬੇਗ ਸਿੰਘ ਮੰਨਣ ਆਸਟਰੇਲੀਆ | ,, ,, ,, | 50-00 |
| ਸ: ਜੋਗਿੰਦਰ ਸਿੰਘ ਚਮਨ ਬੜੋਦਾ | ,, ,, ,, | 501-00 |
| ਭਾ: ਅਜੀਤ ਸਿੰਘ ਅੰਮ੍ਰਿਤਸਰ | ਚੜ੍ਹਾਵਾ ਕੀਰਤਨ ਸਮਾਗਮ | 39-40 |
| ਸ: ਜਰਨੈਲ ਸਿੰਘ ਨਵ ਸ਼ਹਿਰ | ਤਨ ਮਨ ਦੀ ਚੜ੍ਹਦੀ ਕਲਾ ਲਈ | 10-00 |
| ਸ: ਅਜੀਤ ਸਿੰਘ ਡਾਕਟਰ, ਕੌਰੋਂ | ਸੂਰਾ ਦੀ ਚੜ੍ਹਦੀ ਕਲਾ ਲਈ | 10-00 |
| ਸ: ਬਲਬੀਰ ਸਿੰਘ | ,, ,, ,, | 11-00 |
| ਸ: ਮਨਜੀਤ ਸਿੰਘ ਖੈਰਾ ਡੋਨਾ | ਸ੍ਰੀ ਗੁਰੂ ਹਰਿਕ੍ਰਿਸਨ ਜੀ ਦੇ ਗੁਰਪੁਰਬ ਦੀ ਖੁਸ਼ੀ ਵਿਚ | 21-00 |
| ਸ: ਜਾਗੀਰ ਸਿੰਘ ਗਿਲ ਕੈਨੇਡਾ | ਸੂਰਾ ਦੀ ਚੜ੍ਹਦੀ ਕਲਾ ਲਈ | 250-00 |

## ਸ਼ਹੀਦ ਸਿੰਘਾਂ ਦੀ ਯਾਦ ਵਿਚ ਮਾਸਕ ਰੈਣ ਸਬਾਈ ਕੀਰਤਨ

ਭਾਈ ਹਰਭਜਨ ਸਿੰਘ ਜੀ ਸੂਚਨਾ ਦਿੰਦੇ ਹਨ ਕਿ 21 ਅਗਸਤ ਸ਼ਨੀਵਾਰ ਦੀ ਰਾਤ ਨੂੰ ਸ਼ਹੀਦਾਂ ਦੀ ਯਾਦ ਵਿਚ ਗੁਰਦੁਆਰਾ ਰਾਮਸਰ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਗੁਰੂ ਚਰਨਾਂ ਵਿਚ ਜੁੜ ਕੇ ਲਾਹੇ ਪ੍ਰਾਪਤ ਕਰੋ ਜੀ।

**ਐਡਰੈਸ ਬਦਲੀ**—ਪੂਰਨ ਜੀ (ਭਾਈ ਸਾਹਿਬ ਸੁਰਤ ਸਿੰਘ ਜੀ) ਅਤੇ ਭੈਣ ਭੁਪਿੰਦਰ ਕੌਰ ਜੀ ਗੁਰੂ ਕੇ ਕੀਰਤਨੀਏ ਫਰੀਦਾ-ਬਾਦ ਛਡ ਆਏ ਹਨ। ਹੁਣ ਉਨ੍ਹਾਂ ਦਾ ਐਡਰੈਸ ਇਉਂ ਹੈ—ਮਾਰਫ਼ਤ ਡਾਕਟਰ ਹਰਬੰਸ ਸਿੰਘ ਜੀ, 86-ਅਜੀਤ ਨਗਰ, ਅੰਮ੍ਰਿਤਸਰ।

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੨. ੮. ੮੨ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ : 51847 ਘਰ : 43094

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਸ੍ਰੀ ਅੰਮ੍ਰਿਤਸਰ

**ਸਾਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੨੫

ਪਰਦੇਸ
ਸਮੁੰਦਰੀ ਡਾਕ ੩੦-੦੦
ਹਵਾਈ ਡਾਕ
ਅਰਬ, ਮਲਾਇਆ ੪੫-੦੦
ਯੂ. ਕੇ., ਅਫਰੀਕਾ ੬੦-੦੦
ਕੈਨੇਡਾ, ਅਮਰੀਕਾ ੭੦-੦੦

**ਅਮਾਨਤੀ ਲਾਈਫ ਮੈਂਬਰ**

ਦੇਸ ੧੫੦-੦੦
ਪਰਦੇਸ ੩੦੦-੦੦
ਹਵਾਈ ਡਾਕ
ਯੂ. ਕੇ. ਅਫਰੀਕਾ ੬੫੦-੦੦
ਕੈਨੇਡਾ, ਅਮਰੀਕਾ ੭੦੦-੦੦
ਅਰਬ ਮਲਾਇਆ ੫੦੦-੦੦

**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੧੬ ਅਗਸਤ ੧੯੮੨ ਅੰਕ ੮

## ਪ੍ਰਮਾਤਮ ਪੂਜਾ, ਤਸਵੀਰ ਪੂਜਾ
## ਅਤੇ
## ਨਾਮ ਜਪਣ ਦੀ ਜੁਗਤੀ

[ਵਲੋਂ :—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਆਤਮ ਦੇਉ ਪੂਜੀਐ ਗੁਰ ਕੈ ਸਹਜਿ ਸੁਭਾਇ ॥
ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ ਤਾ ਘਰ ਹੀ ਪਰਚਾ ਪਾਇ ॥
ਆਤਮਾ ਅਡੋਲੁ ਨ ਡੋਲਈ ਗੁਰ ਕੈ ਭਾਇ ਸੁਭਾਇ ॥
ਗੁਰ ਵਿਣੁ ਸਹਜੁ ਨ ਆਵਈ ਲੋਭ ਮੈਲੁ ਨ ਵਿਚਹੁ ਜਾਇ ॥
ਖਿਨੁ ਪਲੁ ਹਰਿ ਨਾਮੁ ਮਨਿ ਵਸੈ ਸਭ ਅਠਸਠਿ ਤੀਰਥ ਨਾਇ ॥
ਸਚੇ ਮੈਲੁ ਨ ਲਗਈ ਮਲੁ ਲਾਗੈ ਦੂਜੈ ਭਾਇ ॥
ਧੋਤੀ ਮੂਲਿ ਨ ਉਤਰੈ ਜੇ ਅਠਸਠਿ ਤੀਰਥ ਨਾਇ ॥੧॥

[ਸਿਰੀਰਾਗ ਕੀ ਵਾਰ, ਸਲੋਕ ਮ: ੩, ਪੰਨਾ ੮੭

**ਵਿਆਖਿਆ**—ਸਰਬ ਸ਼ਕਤੀਰ ਪ੍ਰਕਾਸ਼ ਰੂਪ ਪੂਜਯ ਪੁਰਖ ਪ੍ਰਮਾਤਮਾ ਨੂੰ ਗੁਰਮਤਿ ਦੀ ਸਹਿਜ ਪੂਜਾ



www.AKJ.Org

ਬਿਧੀ ਦੁਆਰਾ ਹੀ, ਪੂਜਾ ਪਦ ਦੇ ਸੱਚੇ ਅਰਥਾਂ ਵਿਚ ਪੂਜਿਆ ਜਾਂਦਾ ਹੈ। ਆਨ ਟੇਵ ਸੇਵ ਦੇਵ ਵਾਲੀ ਪੂਜਾ ਫ਼ਰਜ਼ੀ ਤੇ ਹੱਠ-ਲਰਜ਼ੀ ਹੈ। ਸੱਚੇ ਪ੍ਰਮਾਤਮਾ ਰੂਪੀ ਸੱਚੇ ਪੁਰਖ ਅਕਾਲ ਦੀ ਪੂਜਾ, ਗੁਰਮਤਿ ਦਰਸਾਈ ਪੂਜਾ ਇਕ ਨਿਰੰਜਨੀ ਪੂਜਾ ਹੈ। ਅਤੇ ਬੜੀ ਹੀ ਬਿਚੱਛਨ ਪੂਜਾ ਹੈ। ਆਨ-ਮਤਾਂ ਨਾਲੋਂ ਵਿਲੱਖਣ ਪੂਜਾ ਹੈ।

ਕਾਲ-ਰਹਿਤ ਮੂਰਤੀ ਵਾਲੇ ਅਕਾਲ ਮੂਰਤਿ ਅਮੂਰਤ ਦੇਵ ਨਿਰੰਜਨੀ ਪੁਰਖ ਨਿਰੰਕਾਰ ਦੀ ਪੂਜਾ, ਕੇਵ੍ਲ ਨਿਰੰਕਾਰੀ ਨਾਮ-ਨਿਰੰਜਨਾ ਦੁਆਰਾ ਹੀ ਹੋਣੀ ਸੰਭਵ ਹੈ। ਨਿਰੰਕਾਰ ਦੇ ਨਿਰੰਜਨੀ ਨਾਮ ਦੁਆਰਾ ਹੀ ਹੋ ਸਕਦੀ ਹੈ। ਨਿਰੰਕਾਰੀ ਜੁਗਤੀ ਬਿਧੀ ਨਾਲ ਹੀ ਨਿਰੰਕਾਰ ਪ੍ਰਮਾਤਮ ਦੇਵ ਦੀ ਪੂਜਾ ਕੀਤੀ ਜਾ ਸਕਦੀ ਹੈ।

ਇਹ ਨਿਰੰਕਾਰੀ ਜੁਗਤਿ ਬਿਧੀ ਨਿਰੰਕਾਰੀ ਨਾਮ ਵਿਚ ਹੀ ਅਸਥਿਰ ਹੈ, ਜੋ ਨਿਰੰਕਾਰੀ ਗੁਰੂ, ਸਤਿਗੁਰ ਨਾਨਕ ਦੇਵ ਨੇ ਨਿਰੰਕਾਰ ਦੀ ਧੁਰਿ ਦਰਗਾਹੋਂ ਨਿਰੰਕਾਰੀ ਹੁਕਮ ਨਾਲ ਹੀ ਲਿਆਂਦਾ ਹੈ। ਏਸ ਧੁਰੋਂ ਆਏ ਨਿਰੰਕਾਰੀ ਨਾਮ ਦੀ ਬਿਧੀ, ਨਿਰੰਕਾਰੀ ਗੁਰੂ ਸਾਹਿਬਾਨ ਦੁਆਰਾ, ਧੁਰੋਂ ਆਈ ਬਾਣੀ, ਨਿਰੰਕਾਰੀ ਬਾਣੀ ਗੁਰਬਾਣੀ ਅੰਦਰ ਹੀ ਵਿਦਮਾਨ ਹੈ, ਯਾ ਨਿਰੰਕਾਰ ਜੋਤੀਸ਼ ਗੁਰਮੁਖ ਸੀਨਿਆਂ ਵਿਚ ਹੀ ਜੁਗਤਿ ਧੁਰੰਦਰੀ ਹੋਈ ਚਲੀ ਆਉਂਦੀ ਹੈ। ਅਕਾਲ ਮੂਰਤਿ ਪ੍ਰਮਾਤਮ ਦੇਵ ਦੀ ਨਿਰੰਕਾਰੀ ਨਿਰੰਜਨ ਜੁਗਤਾਰੀ ਪੂਜਾ ਦੇ ਉਦਾਹਰਨੀ ਨਮੂਨੇ ਨਿਰੰਕਾਰੀ ਬਾਣੀ ਗੁਰਬਾਣੀ ਅੰਦਰ ਅਨੇਕਾਂ ਗੁਰਵਾਕਾਂ ਦੁਆਰਾ ਵਿਦਤਾਏ ਗਏ ਹਨ। ਵੰਨਗੀ ਮਾਤਰ ਇਹ ਗੁਰ ਪ੍ਰਮਾਣ ਹੈ, ਜਿਸ ਦੀਆਂ ਅਰੰਭਕ ਸਤਰਾਂ ਹੇਠ ਲਿਖੀਆਂ ਜਾਂਦੀਆਂ ਹਨ–

ਹਰਿ ਕੀ ਪੂਜਾ ਦੁਲੰਭ ਹੈ ਸੰਤਹੁ ਕਹਣਾ ਕਛੂ ਨ ਜਾਈ ॥੧॥
ਸੰਤਹੁ ਗੁਰਮੁਖਿ ਪੂਰਾ ਪਾਈ ॥ ਨਾਮੋ ਪੂਜ ਕਰਾਈ ॥੧॥ਰਹਾਉ॥

–ਰਾਮਕਲੀ ਮਹਲਾ ੩, ਪੰਨਾ ੯੧੦

ਜਿਸ ਦਾ ਤੱਤ ਭਾਵ ਇਹ ਹੈ ਕਿ ਨਿਰੰਕਾਰ ਦੀ ਪੂਜਾ ਨਿਰੰਕਾਰੀ ਨਾਮ ਦੁਆਰਾ ਹੀ ਹੁੰਦੀ ਹੈ। ਅਤੇ ਗੁਰੂ ਵਰੋਸਾਇਆ ਕੋਈ ਪੂਰਾ ਪੁਰਖ ਜਨ ਹੀ ਨਿਰੰਕਾਰੀ ਨਾਮ ਗੁਰਮਤਿ ਨਾਮ ਨੂੰ ਪਾਉਂਦਾ ਹੈ। ਅਤੇ ਗੁਰਮਤਿ ਤੱਤ ਅਸਲ ਅਰਥਾਂ ਵਾਲੀ ਪੂਜਾ ਦਾ ਜੁਗਤਿ-ਭੇਦ ਭੀ ਉਹੀ ਗੁਰਮੁਖ ਜਨ ਪਾਉਂਦਾ ਹੈ, ਜਿਸ ਨੂੰ ਗੁਰਮਤਿ ਨਾਮ ਦੀ ਪ੍ਰਾਪਤੀ ਹੋ ਚੁਕੀ ਹੁੰਦੀ ਹੈ।

ਨਿਰੰਕਾਰ ਦੀ ਸਰਗੁਣ ਮੂਰਤੀ ਕੋਈ ਨਹੀਂ। ਮੂਰਤੀ ਹੈ, ਪਰ ਕਾਲ ਰਹਿਤ ਤ੍ਰੈਗੁਣਾਂ ਅਬਾਧ ਨਿਰਗੁਣ ਮੂਰਤੀ ਹੈ। ਅਕਾਲ ਮੂਰਤੀ ਵਾਲਾ ਅਕਾਲ ਪੁਰਖ ਹੈ। ਇਸ ਮੂਰਤ ਪਦ ਦਾ ਭਾਵ ਹੈ ਵਜੂਦ, ਹਸਤੀ, ਹੋਂਦ। ਅਕਾਲ ਪੁਰਖ ਤਤਵਤਾ-ਮਈ ਹੋਂਦ ਅਕਾਲ ਮੂਰਤਿ ਦੁਪੰਗਤੀ ਜੁੜਤ ਪਦ ਅੰਦਰ ਵਿਦਮਾਨ ਹੈ। ਅਕਾਲ ਪੁਰਖ ਦੀ ਹੋਂਦ ਹਸਤੀ ਦੇ ਮੰਨਣ ਵਿਚ ਗੁਰਮਤਿ ਆਸਤਕਤਾ ਪੂਰਤਿ ਹੈ (ਪੂਰਿ ਰਹੀ ਹੈ)। ਇਸ ਭਾਵ ਸਰਧਾ ਬਿਹੂਣੇ ਹੋਣ ਕਰਿ ਹੀ ਆਮ ਵਿਸ਼ਵ ਸੰਸਾਰ ਅੰਦਰ ਨਾਸਤਕਤਾ ਛਾ ਰਹੀ ਹੈ।

ਗੁਰਮਤਿ ਅੰਦਰ (ਅਨੁਸਾਰ) ਬੁੱਤ-ਪੂਜਾ, ਮੂਰਤੀ ਪੂਜਾ ਅਤਿ ਨਿਖੇਧਤ ਕਰਮੁ ਗਰਦਾਨਿਆ ਗਿਆ ਹੈ। ਨਿਰੰਜਨੀ (ਨਿਰੰਜਨਾ) ਨਾਮ ਦੀ ਪੂਜਾ ਦਾ ਹੀ ਗੁਰਮਤਿ ਅੰਦਰ ਵਿਧਾਨ ਹੈ। ਨਾਮ ਦੀ ਪੂਜਾ ਨਾਮੀ (ਵਾਹਿਗੁਰੂ) ਨਿਰੰਕਾਰ ਦੀ ਪੂਜਾ ਹੈ। ਪੂਜਾ ਸਮੇਂ ਨਾ ਹੀ ਨਾਮ ਨੂੰ ਅਤੇ ਨਾ ਹੀ ਨਾਮੀ ਪੁਰਖ ਨਿਰੰਕਾਰ ਨੂੰ ਮੂਰਤੀ ਵਜੋਂ ਸਨਮੁਖ ਰਖਿਆ ਜਾਂਦਾ ਹੈ। ਨਿਰੰਕਾਰ ਕੀ ਤੇ ਮੂਰਤੀ ਕੀ? ਨਿਰੰਕਾਰ ਦੀ ਮੂਰਤੀ ਹੀ ਕੋਈ ਨਹੀਂ ਹੋ ਸਕਦੀ।

ਤਾਂ ਤੇ ਕੋਈ ਫ਼ਰਜ਼ੀ ਮੂਰਤੀ ਥਾਪ ਕੇ ਨਿਰੰਕਾਰ ਦੀ ਯਾ ਨਿਰੰਕਾਰੀ ਨਾਮ ਦੀ ਪੂਜਾ ਕਰਨੀ ਨਿਰੀ ਨਾਦਾਨੀ ਅਤੇ ਮੂਰਖਤਾ ਹੈ। ਸੱਚ ਪੁਛੋ ਤਾਂ ਨਿਰੀ ਮਨ ਦੀ ਮਤ (ਮਨਮਤ) ਹੈ। ਗੁਰਮਤਿ ਦਾ ਐਸੀ ਮੂਰਤ-ਮੁਖੀ ਪੂਜਾ ਦਾ ਕੋਈ ਵਾਸਤਾ (ਤੁਅਲਕ) ਹੀ ਨਹੀਂ। ਸੱਚੇ ਸਾਹਿਬਾਨ, ਨਿਰੰਕਾਰੀ ਗੁਰੂ ਪਾਤਸ਼ਾਹ ਸਾਹਿਬਾਨ ਨੇ ਗੁਰਸਿਖਾਂ ਪ੍ਰਤੀ ਨਾਮ ਅਭਿਆਸ ਦੀ ਨਿਰੰਕਾਰੀ ਜੁਗਤੀ ਦ੍ਰਿੜ੍ਹਾਈ। ਜਿਸ



www.AKJ.Org

ਨਿਰੰਕਾਰੀ ਜੁਗਤੀ ਦੁਆਰਾ ਸਹਿਜ ਪੂਜਾ ਨਿਰੰਕਾਰ ਦੀ ਸੁਤੇ ਸੁਭਾਵ ਹੀ ਬਣਿ ਆਉਂਦੀ ਹੈ, ਜਿਸ ਵਿਚ ਮੂਰਤੀ-ਪੂਜਾ ਵਾਲਾ ਰੰਚਕ ਮਾਤਰ ਲਾਗ ਮਾਤਰ ਭੀ ਲੇਸ ਨਹੀਂ। ਗੁਰਮਤਿ ਨਾਮ ਪੂਜਾ ਜੁਗਤੀਸ਼ਰ ਗੁਰਸਿਖਾਂ ਨੇ ਨਾ ਹੀ ਕਿਸੇ ਅਖਰੀ ਬਿਉਂਤ ਵਾਲੀ ਨੂੰ ਅੱਖੀਆਂ ਅਗੇ ਯਾ ਧਿਆਨ ਗੋਚਰਾ ਰਖਣਾ ਹੈ, ਨਾ ਹੀ ਨਾਮੀ ਪ੍ਰਮਾਤਮਾ ਦੀ ਸਰਗੁਣ ਦੇਵਤਾ-ਮਈ ਕਿਸੇ ਮੂਰਤੀ ਦਾ ਧਿਆਨ ਧਰਨਾ ਹੈ। ਇਉਂ ਕੀਤਿਆਂ ਤਾਂ ਅਕਾਲ ਪੁਰਖ ਦੀ ਅਕਾਲਤਾ ਨਹੀਂ ਰਹਿੰਦੀ, ਨਿਰੰਕਾਰ ਦੀ ਨਿਰੰਕਾਰਤਾ ਨਹੀਂ ਰਹਿੰਦੀ। ਨਿਰੰਜਨ ਪ੍ਰਮਾਤਮਾ ਦੀ ਨਿਰੰਜਨਤਾ ਜਾਂਦੀ ਹੈ। ਉਹੀ ਢਕਵੰਜ ਮੂਰਤੀ-ਪੂਜਾ ਆਨ-ਮਤੀਆਂ ਵਾਲਾ ਗੁਰੂ ਘਰ ਅਤੇ ਗੁਰੂ ਘਰ ਦੇ ਸਿਖਾਂ ਅੰਦਰ ਭੀ ਆ ਵੜਦਾ ਹੈ।

ਫ਼ਰਜ਼ੀ ਮੂਰਤਿ ਫ਼ਰਜ਼-ਫ਼ਰਜ਼ਾ ਕੇ ਧਿਆਨ ਜਮਾਉਣਾ ਤੱਤ ਗੁਰਮਤਿ ਨਾਲ ਧਰੋਹ ਕਮਾਉਣਾ ਹੈ। ਗੁਰੂ ਸਾਹਿਬਾਨ ਦੀ ਚਲਾਈ ਗੁਰਮਤਿ ਨੂੰ ਹਾਸੋ ਹੀਣ ਕਰਨਾ ਹੈ। ਦਸੋ ਗੁਰੂ ਸਾਹਿਬਾਨ ਵਿਚੋਂ ਕਿਸੇ ਭੀ ਗੁਰੂ ਦੀ ਫ਼ਰਜ਼ੀ ਧੀਂਗੋ ਮਰਜ਼ੀ ਵਾਲੀ ਮੂਰਤੀ ਦਾ ਧਿਆਨ ਧਰਨਾ ਓਦੂੰ ਭੀ ਪਰਲੇ ਦਰਜੇ ਦੀ ਮਨਮਤਿ ਹੈ।

ਇਹ ਜੋ ਪ੍ਰਚਲਤ ਫ਼ੋਟੋ ਵਾਲੀਆਂ ਯਾ ਹਥੀਂ ਖਿਚੀਆਂ ਤਸਵੀਰਾਂ ਹਨ ਗੁਰੂ ਸਾਹਿਬਾਨ ਦੀਆਂ, ਸਭ ਫ਼ਰਜ਼ੀ ਮਨੋ-ਮਰਜ਼ੀ ਤਸਵੀਰਾਂ ਫ਼ੋਟੂਆਂ ਹਨ। ਇਹੀ ਕਾਰਨ ਹੈ ਕਿ ਜੋ ਦ੍ਰਿਸ਼ਟੀ ਜੀਉ ਮਰਜ਼ੀ ਵਿਚ ਆਈ, ਸੋਈ ਫਰਜ਼ੀ ਤਸਵੀਰ ਫ਼ੋਟੋ ਖਿਚ ਮਾਰੀ। ਇਸ ਤਸਵੀਰ-ਬਾਜ਼ੀ ਅਤੇ ਫ਼ੋਟੋ-ਬਾਜ਼ੀ ਦੁਆਰਾ ਗੁਰੂ ਪੰਥ ਅੰਦਰ ਮਹਾਂ ਮਨਮਤ ਫੈਲ ਰਹੀ ਹੈ, ਜਿਸ ਦਾ ਸਿੱਟਾ ਇਹ ਹੈ ਕਿ ਗੁਰਮਤਿ ਪ੍ਰਮਾਰਥ ਦੇ ਪਾਂਧੀ ਜਨ ਸੱਚੀ ਸੁੱਚੀ ਅਕਾਲ-ਪੁਸਤੀ ਆਤਮ-ਪੂਜਾ ਤੋਂ, ਤੱਤ ਪ੍ਰਮਾਤਮ-ਪੂਜਾ ਤੋਂ ਵਾਂਜੇ ਜਾ ਰਹੇ ਹਨ। ਗੁਰੂ ਸਾਹਿਬਾਨ ਦੀ ਦ੍ਰਿੜ੍ਹਾਈ, ਨਿਰੰਕਾਰੀ ਗੁਰਬਾਣੀ ਦੁਆਰਾ ਆਈ, ਖ਼ੁਦ ਨਿਰੰਕਾਰ ਵਿਦਤਾਈ ਪੂਜਾ ਇਕਲਵਾਂਝੇ ਹੀ ਕਿਨਾਰੇ ਹੀ ਰਹਿ ਜਾਂਦੀ ਹੈ।

ਸਾਨੂੰ ਗੁਰਸਿਖਾਂ ਨੂੰ ਗੁਰੂ ਸੱਚੇ ਪਾਤਸ਼ਾਹ ਨੇ ਨਾਮ ਦ੍ਰਿੜ੍ਹਾਇਆ, ਨਾਮ ਦੀ ਪੂਜਾ ਸਿਖਾਈ, ਗੁਰ-ਦੀਖਿਆ ਦੀ ਗੁੜ੍ਹਤੀ ਦਿਤੀ। ਕਮਾਈ ਵਾਲੇ ਪੰਜਾਂ ਪਿਆਰਿਆਂ ਦੇ ਸਰੂਪ ਵਿਚ ਦਿਤੀ। ਜਿਨ੍ਹਾਂ ਨੇ ਖ਼ੁਦ ਨਾਮ ਅਭਿਆਸ ਰੂਪੀ ਸਚੜੀ ਪੂਜਾ ਨੂੰ ਜਗਿਆਸੂ ਜਨਾਂ ਪ੍ਰਤੀ ਕਰ ਕੇ ਪ੍ਰਤੱਖ ਦਿਖਾਇਆ। ਗੁਰਮੰਤਰ ਗੁਰ-ਦੀਖਿਆ ਮਈ ਗੁਰਮਤਿ ਨਾਮ ਦਾ ਅਭਿਆਸ ਕਰਨਾ ਸਿਖਾਇਆ, ਜਿਸ ਵਿਚ ਕੋਈ ਫ਼ਰਜ਼ੀ ਧਿਆਨ, ਕਿਸੇ ਫ਼ਰਜ਼ੀ ਮੂਰਤੀ ਦਾ ਨਹੀਂ ਧਰਨਾ ਪੈਂਦਾ।

ਅਭਿਆਸ ਕਰਦੇ ਹੋਏ ਗੁਰਮੰਤਰ, ਗੁਰਮਤਿ ਨਾਮ ਰੂਪੀ ਸ਼ਬਦ ਨੂੰ ਸੁਰਤੀ ਨਾਲ ਜੋੜਨਾ ਹੈ। ਨਾਮ ਜਪਦੇ ਹੋਏ, ਨਾਮ ਜਾਪ ਦੇ ਆਰੰਭ ਵਿਚ ਸ਼ਬਦ ਨਾਲ ਸੁਰਤੀ ਲਾਉਣੀ ਹੈ। ਨਾਮ ਸ਼ਬਦ ਦੀ ਜੋ ਧੁਨੀ ਅਭਿਆਸ-ਜਾਪ ਕਰਦਿਆਂ ਆਵੇ (ਨਿਕਲੇ), ਉਸ ਧੁਨਿ ਨਾਲ ਸੁਰਤੀ ਨੂੰ ਜੋੜਨਾ, ਇਹ ਸ਼ਬਦ ਸੁਰਤਿ ਦਾ ਅਰੰਭਕ ਖੇਲ ਹੈ। ਅਭਿਆਸੀ ਜਨ ਪਹਿਲਾਂ ਏਥੋਂ ਹੀ ਅਭਿਆਸ ਆਰੰਭ ਕਰਦਾ ਹੈ। ਗੁਰਮੰਤਰ ਨਾਮ ਸ਼ਬਦ ਚੁਅਖਰੇ ਦਾ ਪਹਿਲਾ ਦੁਅਖਰਾ ਸਹਿਤ ਸੁਆਸ ਦੇ ਅੰਦਰ ਨੂੰ ਖਿਚ ਕੇ ਉਪਰ ਨੂੰ ਦਸਮੇ ਦੁਆਰ ਓਰਿ ਲੈ ਜਾਵੇ, ਸਹਿਜ ਸੁਆਸੀ ਸੁਤੇ ਵੇਗ ਸੇਤੀ ਲੈ ਜਾਵੇ ਅਤੇ ਸਹਿਜ ਸੁਆਸੀ ਵੇਗ ਸੇਤੀ ਹੀ ਉਪਰੋਂ (ਅੰਦਰੋਂ) ਹੇਠਾਂ (ਬਾਹਰ) ਵਲ ਉਤਰਾਵੇ। ਅਤੇ ਉਤਰਾਵਨ ਸਮੇਂ ਪਿਛਲੇ (ਦੂਜੇ) ਅਰਧ ਗੁਰਮੰਤਰੀ ਸ਼ਬਦ ਦੇ ਹਿਸੇ ਨੂੰ ਰਸਨਾ ਨਾਲ ਸਪਰਸ਼ ਕੇ ਨਿਕਸਾਵੇ। ਏਸੇ ਪ੍ਰਕਾਰ ਸੁਤੇ ਸੁਆਸਾਂ ਦੇ ਸਹਿਜ ਵੇਗ ਸਹਿਤ ਸ਼ਬਦ ਅਭਿਆਸ ਦਾ ਸਿਲਸਿਲਾ ਸਦਾ ਜਾਰੀ ਰਖੇ। ਉਪਰ ਨੂੰ, ਅਰਥਾਤ, ਅੰਦਰ ਨੂੰ ਸੁਆਸ ਲੈ ਜਾਣ ਸਮੇਂ ਸ਼ਬਦ ਦਾ ਸੁਪਰਸ਼ ਹਲਕ ਤਾਲੂ ਸਹਿਤ ਹੋਵੇਗਾ, ਅਤੇ ਹੇਠਾਂ ਬਾਹਰਵਾਰ ਨੂੰ ਸੁਆਸ ਉਤਾਰਦੇ ਹੋਏ ਸ਼ਬਦ ਰਸਨਾ ਸੇਤੀ ਸੁਪਰਸੇਗਾ। ਇਸ ਸੁਪਰਸ਼ ਦੀ ਧੁਨੀ ਚਾਹੇ ਬੈਖਰੀ ਹੋਵੇ, ਚਾਹੇ ਮੱਧਮਾ ਪਰਾ ਪਸੰਤੀ ਹੋਵੇ, ਉਸ ਧੁਨੀ ਸੇਤੀ ਸੁਰਤਿ ਨੂੰ ਜੋੜਨਾ ਹੈ। "ਸਬਦੁ ਗੁਰੂ ਸੁਰਤਿ ਧੁਨਿ ਚੇਲਾ" (੯੪੩) ਦੇ ਗੁਰਵਾਕ ਅਨੁਸਾਰ ਇਹ ਗੁਰਮਤਿ



www.AKJ.Org

ਨਾਮ ਅਭਿਆਸ ਦੀ ਖੇਡ ਹੈ।

ਸ਼ਬਦ ਗੁਰੂ ਰੂਪ ਇਸ ਕਰਕੇ ਹੈ ਕਿ ਧੁਰੋਂ ਨਿਰੰਕਾਰ ਦੀ ਦਰਗਾਹ ਤੋਂ ਹੋਣ ਕਰਕੇ ਸ਼ਬਦ ਦੀ ਸਪਰਸ਼ ਪਾਰਸ ਰੂਪੀ ਹੈ, ਅੰਮ੍ਰਿਤ ਰਸਾਇਣੀ ਹੈ। ਇਸ ਦੇ ਹਲਕ ਤਾਲੂ ਨਾਲ ਸੁਰਤੀ ਸਹਿਜ ਸਪਰਸਿਆਂ ਕਾਟ ਕਰ ਕੇ ਸਣੇ ਸਣੇ ਬਿਸਮਾਦ ਰੂਪ ਵਿਚ ਲੀਨਤਾ ਦਾ ਆਨੰਦ, ਬਿਸਮ ਅਨੰਦ ਆਉਣ ਲਗ ਪੈਂਦਾ ਹੈ। ਰਸਨਾ ਨਾਲ ਸੁਪਰਸ਼ ਹੋਣ ਕਰਕੇ ਹੀ ਅੰਤਰਗਤਿ ਜੋਤਿ ਪ੍ਰਕਾਸ਼ ਦਾ ਰਸ ਰੁਮਕਣ ਲਗ ਪੈਂਦਾ ਹੈ। ਜਦੋਂ ਰਸ-ਬਿਸਮਤਾ ਦੀ ਨੌਬਤ ਆਨਿ ਉਪਜਦੀ ਹੈ ਤਦੋਂ ਅਭਿਆਸੀ ਜਨ ਦੀ ਸੁਰਤੀ ਬਿਰਤੀ ਇਸ ਰਸ-ਬਿਸਮਾਦ-ਕਲਾ ਵਿਚ ਲੀਨ ਹੋ ਕੇ, ਸਹਿਜ ਲੀਨਤਾ ਦੇ ਦਰਜੇ ਨੂੰ ਅਪੜ ਜਾਂਦੀ ਹੈ। ਫੇਰ ਸੁਰਤੀ ਜੋੜਨ ਦਾ ਕੋਈ ਖ਼ਾਸ ਯਤਨ ਨਹੀਂ ਕਰਨਾ ਪੈਂਦਾ। ਰਸ ਜੋਤਿ-ਪ੍ਰਕਾਸ਼ ਦੀ ਕਿਰਣ-ਕਣੀ ਹੀ ਸੁਰਤਿ ਮਹਿਵੀਅਤ ਲਈ ਸਹਾਈ ਹੋਈ ਰਹਿੰਦੀ ਹੈ। ਸ਼ਬਦ-ਅਭਿਆਸ ਤੋਂ ਇਕ ਖਿਨ ਭੀ ਬਾਹਰ ਨਹੀਂ ਹੋਣ ਦਿੰਦੀ।

ਗੁਰਪ੍ਰਸਾਦਿ ਕਰਿ ਹੀ ਇਹ ਬਿਧਿ ਬਣਿ ਆਉਂਦੀ ਹੈ, ਅਤੇ ਜਿਉਂ ਜਿਉਂ ਇਹ ਬਿਧਿ ਬਣਦੀ ਹੈ ਤਿਉਂ ਤਿਉਂ ਗੁਰੂ ਕਰਤਾਰ ਦੇ ਸ਼ੁਕਰਾਨੇ ਵਿਚ ਨਿਮਰੀਭੂਤ ਹੋ ਕੇ ਅਭਿਆਸ-ਆਨੰਦਨੀ ਖੇਡ ਐਸੀ ਹੁੰਦੀ ਹੈ ਕਿ ਸ਼ਬਦ ਅਭਿਆਸ ਗੁਰੂ ਕਰਤਾਰ ਸਨਮੁਖੀ ਅਰਦਾਸ ਰੂਪ ਹੋ ਜਾਂਦਾ ਹੈ। ਚੇਤੇ ਰਹੇ ਕਿ ਇਸ ਅਭਿਆਸ ਰਸ-ਅਨੰਦਨੀ ਖੇਡ ਵਿਚ ਰਸ ਪ੍ਰਾਇਣ ਹੋ ਕੇ, ਰਸ ਰਸਾਇਣ ਹੋ ਕੇ ਅਭਿਆਸੀ ਜਨ ਦਾ ਰੋਮ ਰੋਮ ਰੁਮਕ ਉਠਦਾ ਹੈ, ਅੰਗ ਅੰਗ ਫੁਰਕਣ ਲਗ ਪੈਂਦਾ ਹੈ, ਹੋਂਠ ਭੀ ਆਪ-ਮੁਹਾਰੇ ਫੁਰਕਣ ਲਗ ਪੈਂਦੇ ਹਨ। ਇਹ ਅਮਿਉ ਰਸਾਇਣੀ ਰਸ ਅਤੀਅੰਤ ਹੀ ਅਜਰ ਵਸਤੂ ਹੈ। ਗੁਰ ਪ੍ਰਸਾਦਿ ਕਰਿ ਹੀ ਜਰਿਆ ਜਾ ਸਕਦਾ ਹੈ। ਅਰਦਾਸ ਰੂਪ ਅਭਿਆਸ ਇਸ ਅਜਰ ਪਦ ਨੂੰ ਜਰਾਉਣ ਲਈ ਬੜਾ ਹੀ ਸਹਾਈ ਹੁੰਦਾ ਹੈ। ਜੋ ਜਰ ਨਹੀਂ ਸਕਦੇ ਉਹ ਭੁੜਕ ਕੇ ਉਠਦੇ ਹਨ। ਜਰਨ ਵਾਲਿਆਂ ਦੀ ਭੀ ਨਿਝਰ ਝਰਨ ਬਿਰਤੀ ਇਕ ਬਿਸਮ ਅਨੰਦੀ ਹੁਲਾਰੇ ਦੀ ਅਕਥਨੀਯ ਮੌਜ ਵਿਚ ਹਾਲ ਖੇਡਣ ਲਗ ਪੈਂਦੀ ਹੈ। ਸਰੀਰ ਵਜਦ ਵਿਚ ਆ ਕੇ ਝੂਲਣ ਮੇਹਲਣ ਲਗ ਪੈਂਦਾ ਹੈ, ਪਰ ਸਹਿਜ ਕਲਾ ਵਿਚ। ਇਸ ਵਜਦ-ਹੁਲਾਰੜੀ ਖੇਡ ਵਿਚ ਅੰਤਰੀਵੀ ਅਮਿਉ ਰਸ ਰਸਾਇਣ ਸੇਤੀ ਸਰਸ਼ਾਰ ਹੋ ਕੇ ਅਤੇ ਬਿਹਬਲ ਹੋ ਕੇ ਅਭਿਆਸੀ ਜਨ ਸ਼ਬਦ-ਅਭਿਆਸ-ਤਰੰਗੀ ਫੁਰਾਟੇ ਵੀ ਮਾਰਨ ਲਗ ਪੈਂਦਾ ਹੈ। ਇਹਨਾਂ ਫੁਰਾਟਿਆ ਸੁਰਾਟਿਆਂ ਗੁਰਾਟਿਆਂ ਦੇ ਗਰਜਾਉਣ ਵਿਚ ਹੋਰ ਭੀ ਅਧਿਭੁਤ ਆਨੰਦ ਆਉਂਦਾ ਹੈ। ਜਿਨ੍ਹਾਂ ਉਤੇ ਇਹ ਦਸ਼ਾ ਵਾਪਰੀ ਹੋਵੇ ਸੋਈ ਜਾਣਨ ਇਸ ਰਸ-ਅਨੰਦੀ ਖੇਡ ਨੂੰ; ਨਹੀਂ ਤਾਂ ਆਮ ਲੋਕੀ ਆਪੋ ਆਪਣੀ ਮਤਿ ਕੁਮਤਿ ਅਨੁਸਾਰ ਰਸ-ਫੁਰਾਟੀਆਂ, ਰਸ-ਰਸਾਟੀਆਂ, ਰਸ-ਝਰਨਾਟੀਆਂ, ਰਸ-ਸੁਰਤਾਟੀਆਂ, ਰਸ ਗੁਰਾਟੀਆਂ, ਰਸ ਗਜਰਾਟੀਆਂ ਦੀ ਇਸ ਅਨੂਪਮ ਅਤੇ ਅਲੌਕਿਕ ਖੇਡ (ਦਸ਼ਾ) ਨੂੰ ਦੇਖ ਕੇ ਮਖ਼ੌਲ ਉਡਾਉਣ ਲਗ ਪੈਂਦੇ ਹਨ। ਪਏ ਉਡਾਉਣ!

ਹਰਿ ਕੇ ਲੋਗ ਰਾਮ ਜਨ ਨੀਕੇ ਭਾਗਹੀਣ ਨ ਸੁਖਾਇ ॥
ਜਿਉ ਜਿਉ ਰਾਮੁ ਕਹਹਿ ਜਨ ਊਚੇ ਨਰ ਨਿੰਦਕ ਡੰਸੁ ਲਗਾਇ ॥੩॥੨॥

—ਰਾਮਕਲੀ ਮਹਲਾ ੪, ਪੰਨਾ ੮੮੧

ਭਾਗ-ਹੀਣਾਂ ਦੇ ਵਸ ਵੀ ਕੀ ਹੈ! ਉਹਨਾਂ ਨੂੰ ਇਸ ਅਧਿਆਤਮ ਖੇਡ ਦਾ ਪਤਾ ਹੀ ਨਹੀਂ। ਤਾਂ ਹੀ ਤਾਂ ਓਹਨਾਂ ਨੂੰ ਵਜਦ-ਆਨੰਦੀ ਕੇਲ ਕਰੰਤੇ ਹੰਸ ਜਨ ਭਾਂਵਦੇ ਨਹੀਂ। ਸਤਿਗੁਰੂ ਓਹਨਾਂ ਨੂੰ ਸੁਮਤਿ ਬਖ਼ਸ਼ੇ। ਸ਼ਬਦ-ਅਭਿਆਸੀਆਂ ਦੇ ਅਭਿਆਸ-ਬਿਲੋਵਨੇ ਬਿਲੋਵਨ ਨੂੰ ਹੋਂਕਣੀਆਂ ਧੋਂਕਣੀਆਂ ਦਸਣ ਵਾਲੇ ਅਤੇ ਅਨਿਕ ਪ੍ਰਕਾਰ ਕਰਿ ਨਿੰਦਣ ਵਾਲੇ, ਕਦੇ ਵਕਤ ਆਵੇਗਾ, ਏਸੇ ਨੱਕੇ ਥਾਣੀਂ ਲੰਘਣਗੇ ਅਤੇ ਪਛਤਾਇ ਕੇ ਆਪਣੀਆਂ ਭੁਲਾਂ ਸਤਿਗੁਰੂ ਪਾਸੋਂ ਬਖਸ਼ਾਉਣਗੇ ਤੇ ਰਾਹਿ-ਰਾਸਤ ਪਰ ਆਉਣਗੇ ਅਤੇ ਪ੍ਰਮਾਤਮਾ ਦੀ ਉਪਰ



www.AKJ.Org

ਦਸੀ ਅਧਿਆਤਮ ਪੂਜਾ ਦੇ ਮਾਰਗ ਤੇ ਚਲਣ ਵਾਲੇ ਬਣਨਗੇ।

ਉਪਰ ਵਿਸਥਾਰਿਆ ਵਿਆਖਿਆ ਵਿਸਥਾਰ ਆਤਮ ਦੇਵ ਪ੍ਰਮਾਤਮਾ ਦੀ "ਗੁਰ ਕੈ ਸਹਜਿ ਸੁਭਾਇ" ਪੂਜਾ ਕਰਨ ਦਾ ਨਿਰਣਾ ਨਿਰਣਿਆ ਗਿਆ ਹੈ। ਇਸ ਉਪਰ ਦਸੇ ਅਭਿਆਸ ਪਦ ਨੂੰ ਪੁਜ ਕੇ ਹੀ "ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ" ਆਂਵਦੀ ਹੈ। ਆਤਮੇ ਦੀ ਕੀ? ਪ੍ਰਮਾਤਮੇ ਦੀ ਪ੍ਰਮਾਤਮਾ ਦੇ ਪ੍ਰਕਾਸ਼ ਰੂਪ ਹੋਂਦ ਹਸਤੀ ਵਾਲੀ ਪ੍ਰਤੀਤ ਆਉਂਦੀ ਹੈ। ਅਤੇ ਇਉਂ ਉਪਰ ਦਸੇ ਅਨੁਸਾਰ ਹੀ "ਘਰ ਹੀ ਪਰਚਾ ਪਾਇ" ਤੱਤ ਪ੍ਰਮਾਰਥੀ ਅਰਥ ਖੁਲ੍ਹਦੇ ਹਨ। ਅਤੇ ਏਸ ਪਦਿ ਪਤੀਜ ਕੇ ਹੀ "ਆਤਮਾ ਅਡੋਲੁ ਨ ਡੋਲਈ" ਵਾਲਾ ਚਲਤ ਉਜਲਰਤ ਹੁੰਦਾ ਹੈ। ਅਤੇ "ਗੁਰ ਕੈ ਭਾਇ ਸੁਭਾਇ" ਹੀ ਆਤਮਾ ਅਡੋਲ ਥੀਵਣ ਦੀ ਸਹਿਜ ਖੇਡ ਵਰਤੀਂਦੀ ਹੈ ਅਤੇ "ਗੁਰ ਵਿਣੁ ਸਹਜੁ ਨ ਆਵਈ" ਵਾਲੀ ਗੁਰਵਾਕ ਪੰਗਤੀ ਵਾਲੇ ਮਿਸਦਾਕ (ਅਖੌਤ) ਦੀ ਸਦਾਕਤ (ਸਚਾਈ) ਭੀ ਏਵੇਂ ਹੀ ਪਰਖੀਂਦੀ ਹੈ (ਪਰਖੀ ਜਾਂਦੀ ਹੈ)। ਗੁਰ ਸ਼ਬਦ, ਗੁਰਮਤਿ ਸ਼ਬਦ ਅਭਿਆਸ ਦੀ ਏਸ ਕਸੌਟੀ ਤੇ ਚੜ੍ਹੇ ਤੋਂ ਹੀ "ਲੋਭ ਮੈਲੁ ਨ ਵਿਚਹੁ ਜਾਇ" ਵਾਲੀ ਹਕੀਕਤ ਉਘੜਦੀ (ਉਜਲੀ ਹੁੰਦੀ) ਹੈ।

ਹੁਣ ਇਸ ਗੁਰਵਾਕ ਪੰਗਤੀ ਦੀ ਸਚਾਈ ਸੁਚਿਆਈ ਵਿਚ ਭੀ ਕੋਈ ਸੰਦੇਹ ਨਹੀਂ ਰਹਿਆ–

ਖਿਨੁ ਪਲੁ ਹਰਿ ਨਾਮੁ ਮਨਿ ਵਸੈ ਸਭ ਅਠਸਠਿ ਤੀਰਥ ਨਾਇ ॥

ਕਰਮ-ਵਿਗਾਸੀਆਂ, ਗੁਰਮਤਿ-ਅਧਿਆਤਮ-ਕਰਮਾਸੀਆਂ, ਆਤਮ-ਅਮੀ-ਮਜਨਾਸੀਆਂ ਨੂੰ ਮੈਲ ਕਦੇ ਨਹੀਂ ਲਗਦੀ। ਲਗਦੀ ਹੈ ਤਾਂ ਦੂਜੇ ਭਾਇ ਦੇ ਕਰਮ-ਕਰਾਸੀਆਂ ਨੂੰ ਹੀ ਲਗਦੀ ਹੈ। ਤੇ ਐਸੀ ਲਗਦੀ ਹੈ ਕਿ ਧੋਤੀ ਮੂਲਿ ਨਹੀਂ ਉਤਰਦੀ, ਚਾਹੇ ਉਹ ਅਠਸਠਿ (ਅਠਾਹਠ) ਤੀਰਥਾਂ ਵਿਚ ਨ੍ਹਾਉਂਦੇ ਰਹਿਣ। ਅਧਿਆਤਮ ਕਰਮ-ਕਰਨਹਾਰਿਆਂ ਗੁਰਮੁਖਾਂ ਦੀ ਨਿਰਾਲੀ ਹੀ ਖੇਡ ਹੈ।

['ਗੁਰਮਤਿ ਕਰਮ ਫ਼ਿਲਾਸਫ਼ੀ' ਪੁਸਤਕ ਵਿਚੋਂ

---

# ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ ਦਿਸੰਨਿ ॥

[ਗਉੜੀ ਬੈਰਾਗਣਿ ਮਃ ੩, ਪੰਨਾ ੨੩੩

ਕੁਝ ਤਿਆਰ-ਬਰ-ਤਿਆਰ ਭੁਜੰਗੀ, ਪੂਰਨ ਗੁਰ ਮਰਯਾਦਾ ਅਨੁਸਾਰ, ਤਿਆਰ-ਬਰ-ਤਿਆਰ ਬੀਬੀਆਂ ਨਾਲ, ਗੁਰੂ ਸਾਹਿਬ ਜੀ ਦੀ ਜ਼ਾਮਨੀ ਵਿਚ ਆਪਣਾ ਅਨੰਦ ਕਾਰਜ ਕਰਵਾ ਲੈਂਦੇ ਹਨ ਅਤੇ ਫਿਰ ਇਨ੍ਹਾਂ ਬੀਬੀਆਂ ਨੂੰ ਪਿੱਠ ਦੇ ਜਾਂਦੇ ਹਨ। ਅਤੇ ਫਿਰ ਇਨ੍ਹਾਂ ਨੂੰ ਸਹੁਰੇ ਘਰੋਂ ਕੱਢ ਦੇਂਦੇ ਹਨ। ਉਨ੍ਹਾਂ ਦਾ ਅਜਿਹਾ ਕਰਮ ਗੁਰਮਤਿ ਦੇ ਵਿਰੁਧ ਹੈ। ਇਸ ਨਾਲ ਜ਼ਾਮਨ ਗੁਰੂ, ਅਰਦਾਸ ਅਤੇ ਹਾਜ਼ਰ ਸੰਗਤ ਦਾ ਤ੍ਰਿਸਕਾਰ ਹੈ।

"ਬਚਨ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥" (੧੦੯੯)

ਅਤੇ–"ਨਾਨਕ ਕਚੜਿਆ ਸਿਉ ਤੋੜਿ ... ... ... ... ॥" (੧੧੦੨)

ਸੰਗਤ ਵਲੋਂ ਬੇਮੁਖ ਅਜਿਹੇ ਪਰਵਾਰਾਂ ਨਾਲ ਗੁਰਸਿਖਾਂ ਦਾ ਮੇਲ-ਜੋਲ ਅਤੇ ਵਰਤੋਂ-ਵਿਹਾਰ ਉਤਨੀ ਦੇਰ ਤਕ ਬਿਲਕੁਲ ਹੀ ਨਹੀਂ ਬਣਦੇ ਜਦ ਤਕ ਉਹ ਆਪਣੀ ਭੁੱਲ ਦਾ ਅਹਿਸਾਸ ਕਰ ਕੇ ਰਾਹਿ-ਰਾਸਤ ਤੇ ਨਹੀਂ ਆ ਜਾਂਦੇ। ਲੋਕਲ ਸੰਗਤਾਂ ਅਜਿਹੇ ਪਰਵਾਰਾਂ ਤੋਂ ਜਾਣੂ ਹਨ।

ਸੰਗਤਾਂ ਦਾ ਸੇਵਕ
ਰਾਮ ਸਿੰਘ (ਜਥੇਦਾਰ)
ਅਖੰਡ ਕੀਰਤਨੀ ਜਥਾ (ਕੇਂਦਰੀ ਦਫ਼ਤਰ), ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ



www.AKJ.Org

# ਨਾਰੰਗਵਾਲ ਕੀਰਤਨ ਸਮਾਗਮ ਦੇ ਦਰਸ਼ਨ

ਗੁਰਮੁਖ ਪਿਆਰੇ ਭਾਈ ਰਣਧੀਰ ਸਿੰਘ ਜੀ ਦੀ ਯਾਦ ਵਿਚ ਉਨ੍ਹਾਂ ਦੇ ਜਨਮ-ਅਸਥਾਨ ਨਾਰੰਗਵਾਲ ਵਿਖੇ ਕੀਰਤਨ ਸਮਾਗਮ ਰਖੇ ਗਏ। ਭਾਈ ਸਾਹਿਬ ਜੀ ਦੀ ਮਹਾਨ ਸ਼ਖਸੀਅਤ ਦੇ ਖਿਚੇ ਹੋਏ ਅਨੇਕਾਂ ਗੁਰੂ ਕੇ ਲਾਲ ਉਥੇ ਪਹੁੰਚ ਗਏ। ਰੈਣ ਸਬਾਈ ਕੀਰਤਨ ਸਮੇਂ ਤਾਂ ਸੰਗਤਾਂ ਦਾ ਇਕ ਸਮੁੰਦਰ ਠਾਠਾਂ ਮਾਰਦਾ ਨਜ਼ਰ ਆਉਂਦਾ ਸੀ। ਸਾਰੀ ਰਾਤ ਕੀਰਤਨ ਦੀਆਂ ਖ਼ੂਬ ਗੂੰਜਾਂ ਪੈਂਦੀਆਂ ਰਹੀਆਂ।

ਸਿਖ ਸੰਗਤਾਂ ਵਿਚ ਨਾਰੰਗਵਾਲ ਦੇ ਸਮਾਗਮ ਵਿਚ ਹਾਜ਼ਰੀਆਂ ਭਰਨ ਲਈ ਬੜਾ ਉਤਸ਼ਾਹ ਵੇਖਿਆ ਗਿਆ, ਭਾਵੇਂ ਕਿ ਉਥੋਂ ਦੇ ਪ੍ਰਬੰਧਕਾਂ ਨੂੰ ਤਜਰਬਾ ਨਾ ਹੋਣ ਕਰਕੇ, ਰੋਸ਼ਨੀ, ਰਿਹ ਇਸ਼ ਤੇ ਜੋੜਿਆਂ ਆਦਿ ਦੇ ਪਰਬੰਧ ਵਿਚ ਕੁਝ ਕਮੀਆਂ ਭੀ ਸਨ। ਗੁਰੂ ਪਿਆਰੀਆਂ ਸੰਗਤਾਂ ਆਪਣੇ ਡਾਢੇ ਪਿਆਰੇ ਐਸੇ ਮਹਾਨ ਭਾਈ ਸਾਹਿਬ ਤੋਂ ਵਾਰਨੇ ਸਦਕੇ ਹੋਣਾ ਲੋਚਦੀਆਂ ਹਨ, ਜਿਨ੍ਹਾਂ ਨੇ ਸਾਰੀ ਉਮਰ ਗੁਰਸਿਖੀ ਦੀ ਲਾ-ਜਵਾਬ ਘਾਲ ਕਮਾਈ ਕੀਤੀ, ਗੁਰਸਿਖੀ ਦੇ ਅਸੂਲਾਂ ਨੂੰ ਨਿਭਾਉਣ ਲਈ ਸਿਰ ਧੜ ਦੀ ਬਾਜ਼ੀ ਲਾਈ ਰਖੀ ਅਤੇ ਸੋਲ੍ਹਾਂ ਸਾਲਾਂ ਦਾ ਲੰਬਾ ਸਮਾਂ ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿਚ ਬਿਖੜੇ, ਹਿਰਦੇ-ਵੇਧਕ ਅਤੇ ਬਿਕਰਾਲ ਦੁਖਾਂ ਭੁਖਾਂ ਤੇ ਮਾਰਾਂ ਤਸੀਹਿਆਂ ਨਾਲ ਟਾਕਰਾ ਕਰਦਿਆਂ ਅਤਿਅੰਤ ਸਿਦਕ ਦਿਲੀ ਨਾਲ, ਗੁਰੂ-ਚਰਨਾਂ ਵਿਚ ਜੁੜ ਕੇ, ਪ੍ਰਭੂ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ ਚੜ੍ਹਦੀਆਂ ਕਲਾ ਵਿਚ ਗੁਜ਼ਾਰਿਆ। ਜੇਲ੍ਹਾਂ ਯਾਤਰਾ ਤੋਂ ਪਹਿਲਾਂ ਵੀ ਅਤੇ ਬਾਅਦ ਵਿਚ ਵੀ, ਅੰਤਲੇ ਸੁਆਸਾਂ ਤਕ ਨਾਮ-ਸਿਮਰਨ ਦੀਆਂ ਅਤੁਟ ਕਮਾਈਆਂ ਕੀਤੀਆਂ ਅਤੇ ਇਲਾਹੀ ਕੀਰਤਨ ਦੇ ਦਿਨ ਰਾਤ ਅਗੰਮੀ ਅਨੰਦ ਮਾਣੇ। ਆਪ ਸਾਰੀ ਉਮਰ ਨਿਰਭੈ ਅਤੇ ਨਿਰਲੋਭ ਹੋ ਕੇ ਵਿਚਰੇ ਅਤੇ ਕਿਸੇ ਦੀ ਵੀ ਕਾਨ ਕਨੌਡ ਵਿਚ ਕਦੇ ਵੀ ਨਾ ਆਏ। ਕੋਈ ਤਾਕਤ ਵੀ ਉਨ੍ਹਾਂ ਨੂੰ ਆਪਣੇ ਉਚੇ ਸੁਚੇ ਨਿਸ਼ਾਨੇ ਤੋਂ ਕਦੇ ਵੀ ਡੇਗ ਨਾ ਸਕੀ।

ਐਸੇ ਮਹਾਨ ਤੇ ਗੁਰੂ ਕੇ ਲਾਡਲੇ ਗੁਰਸਿਖ ਦੇ ਜਨਮ-ਅਸਥਾਨ ਤੇ ਕੀਰਤਨ-ਸਮਾਗਮਾਂ ਵਿਚ ਸਿਖ-ਸੰਗਤਾਂ ਨੂੰ ਪੁਜਣ ਲਈ ਕੁਦਰਤੀ ਖਿਚ ਹੈ। ਕੀਰਤਨ-ਸਮਾਗਮ ਅਕਾਲੀ-ਗੁਰਦੁਆਰਾ ਵਿਖੇ ਹੋ ਰਹੇ ਸਨ, ਜਿਥੋਂ ਕਿ ਭਾਈ ਸਾਹਿਬ ਦੇ ਵੇਲੇ ਪੋਹ ਸੁਦੀ ਸਪਤਮੀ ਸਮੇਂ ਅਲੌਕਿਕ ਨਗਰ-ਕੀਰਤਨ ਲਈ ਸਿਖ ਸੰਗਤਾਂ ਕਮਰਕਸੇ ਕਰਦੀਆਂ ਹੁੰਦੀਆਂ ਸਨ। ਗੁਰਸਿਖ-ਭੌਰੇ ਦਿਨ ਦੇ ਕੀਰਤਨ ਪਿਛੋਂ ਉਸ ਕਿਲ੍ਹੇ-ਨੁਮਾ ਹਵੇਲੀ ਦੇ ਦਰਸ਼ਨਾਂ ਨੂੰ ਪੁਜ ਰਹੇ ਸਨ, ਜਿਥੇ ਕਿ ਭਾਈ ਸਾਹਿਬ ਨੇ ਬਾਲਪਨ ਬਿਤਾਇਆ, ਆਪਣੀ ਨਵ-ਜੋਬਨਾ ਅਵਸਥਾ ਵਿਚ ਇਲਾਹੀ ਰੰਗ ਮਾਣਨੇ ਅਰੰਭੇ ਅਤੇ ਜੇਲ੍ਹ ਯਾਤਰਾ ਤੋਂ ਪਹਿਲਾ ਤੇ ਪਿਛੋਂ ਅਨੇਕਾਂ ਸਮਾਗਮਾਂ ਦੇ ਆਨੰਦ ਮਾਣੇ। ਪੋਹ ਸੁਦੀ ਸਪਤਮੀ ਸਮੇਂ ਸੰਗਤਾਂ ਕਿਸ ਬਿਹਬਲਤਾ, ਚਾਉ ਉਤਸ਼ਾਹੁ ਅਤੇ ਬੈਰਾਗ-ਰੰਗਾਂ ਵਿਚ ਗੁਰਬਾਣੀ ਪੜ੍ਹਦੀਆਂ ਗਾਉਂਦੀਆਂ ਕਿਲ੍ਹਾ ਰਾਏਪੁਰ ਸਟੇਸ਼ਨ ਤੋਂ ਚਲ ਕੇ ਨਾਰੰਗਵਾਲ ਪੁਜਦੀਆਂ ਸਨ, ਉਹ ਨਜ਼ਾਰਾ ਉਹੀ ਜਾਣ ਸਕਦੇ ਹਨ ਜਿਨ੍ਹਾਂ ਉਹ ਕੁਝ ਪੇਖਿਆ ਹੈ। ਰੰਗਲੇ ਸਜਣ ਬਿਰਧ ਬਾਬਾ ਨਰੈਣ ਸਿੰਘ ਕਿਲ੍ਹਾ ਰਾਏਪੁਰ ਵਾਲਿਆਂ ਦੀ ਮਹਾਨ ਸੇਵਾ ਗੁਰਸਿਖ ਸੰਗਤਾਂ ਕਦੇ ਭੁਲਾ ਨਹੀਂ ਸਕਦੀਆਂ। ਸਿਖ ਸੰਗਤਾਂ ਨੂੰ ਸਟੇਸ਼ਨ ਤੋਂ ਆਪਣੇ ਘਰ ਲਿਜਾਣਾ, ਆਪਣੀ ਹੱਥੀਂ ਜਲ ਦੀ ਸੇਵਾ ਕਰਕੇ ਸਭ ਨੂੰ ਇਸ਼ਨਾਨ ਕਰਾਣਾ, ਸਿਖ ਸੰਗਤਾਂ ਦੇ ਜੂਠੇ ਭਾਂਡੇ 'ਗੁਰਮੁਖਿ ਬੁਢੇ ਕਦੇ ਨਾਹੀ' ਦੇ ਮਹਾਨ ਵਾਕ ਅਨੁਸਾਰ ਬਿਰਧ ਦੰਪਤੀ ਨੇ ਡਾਢੇ ਚਾਉ-ਪਿਆਰ ਨਾਲ ਆਪਣੀ ਹੱਥੀਂ ਨਿਭਾਉਣੀ। ਇਹ ਸਾਰੀਆਂ ਗੁਰਸਿਖੀ ਪਿਆਰ ਦੀਆਂ ਯਾਦਾਂ ਅਜ ਕੇਵਲ ਸੁਪਨਾ ਬਣ ਕੇ ਹੀ ਰਹਿ ਗਈਆਂ ਹਨ। ਫਿਰ ਸਮਾਗਮ ਦੇ ਅਰੰਭ ਵਿਚ ਕੀਰਤਨ ਵਿਚ ਜੋ ਇਲਾਹੀ ਰੰਗ ਬਝਣੇ, ਉਹ ਵੀ ਅਕਥਨੀਯ ਹਨ। ਉਪਰੰਤ ਸ੍ਰੀ ਅਖੰਡਪਾਠ ਵਿਚ ਰੰਗ-ਰਤੜੇ ਗੁਰੂ ਕੇ ਪਿਆਰਿਆਂ ਵਲੋਂ ਬਾਣੀ ਦੇ ਉਚਾਰਨ ਵਿਚ ਐਸੇ ਰੰਗ ਬਝਣੇ ਅਤੇ ਐਸੀ ਮੁਸ਼ਕ-ਝਕੋਲਣੀ ਸੁਗੰਧੀ ਮਹਿਕਣੀ



www.AKJ.Org

ਕ ਗੁਰਸਿਖ-ਭੌਰੇ ਉਸ ਹਵੇਲੀ ਦੇ ਲੰਮੇ ਚੁਬਾਰੇ ਵਿਚ ਮਸਤੁਲ-ਮਸਤ ਸਮਾਧੀ-ਸਥਿਤ ਹੋਏ ਦਿਨ ਰਾਤ ਬੈਠੇ ਅਨੰਦ ਮਾਣਦੇ ਰਹਿੰਦੇ, ਤਾਹੀਓਂ ਤਾਂ ਇਸ ਚੁਬਾਰੇ ਨੂੰ ਭਾਈ ਸਾਹਿਬ ਜੀ ਨੇ 'ਭੌਰ-ਗੁਫਾ' ਲਿਖਿਆ ਹੈ। ਸਪਤਮੀ ਵਾਲੇ ਦਿਨ ਅੰਮ੍ਰਿਤ ਵੇਲੇ ਸ੍ਰੀ ਅਖੰਡਪਾਠ ਦੇ ਭੋਗ ਪੈਂਦੇ। ਉਪਰੰਤ ਕੀਰਤਨ-ਅਖਾੜੇ ਸਜਦੇ।

ਰਾਤ ਨੂੰ ਰੈਣ ਸਬਾਈ ਕੀਰਤਨ ਹਵੇਲੀ ਦੇ ਵੇਹੜੇ ਵਿਚ ਅਰੰਭ ਹੁੰਦੇ। ਕੀਰਤਨ ਦੇ ਅਰੰਭ ਤੋਂ ਹੀ ਸੰਗਤਾਂ ਇਕ ਨੁਕਰ ਤੋਂ ਦੂਜੀ ਤਕ ਸਜ ਜਾਂਦੀਆਂ ਅਤੇ ਜਿਥੇ ਵੀ ਕਿਸੇ ਨੂੰ ਥਾਂ-ਟਿਕਾਣਾ ਮਿਲਦਾ, ਉਥੇ ਹੀ ਚੌਂਕੜਾ ਜਮਾ ਲੈਂਦਾ। ਇਥੋਂ ਤਕ ਕਿ ਲੰਗਰ ਵਰਤਾਣ ਵਾਲੀ ਥਾ ਵਿਚ ਵੀ, ਡਿਉਢੀ ਵਿਚ ਵੀ, ਖੂਹੀ ਦੇ ਆਲੇ ਦੁਆਲੇ ਵੀ, ਗੁਸਲਖ਼ਾਨੇ ਵਾਲੇ ਪੰਪ ਦੇ ਨੇੜੇ ਤੇੜੇ ਵੀ, ਹਰ ਪਾਸੇ ਹੀ ਗੁਰਸਿਖ ਮਾਈ ਭਾਈ ਸਜੇ ਹੋਏ ਦਿਸਦੇ। ਇੰਨਾ ਭਾਰੀ ਇਕੱਠ ਹੋਣ ਦੇ ਬਾਵਜੂਦ ਉਥੇ ਕੋਈ ਲਾਊਡ ਸਪੀਕਰ ਕਦੇ ਦੇਖਣ ਵਿਚ ਨਹੀਂ ਸੀ ਆਇਆ। ਕੀਰਤਨ ਦੀਆਂ ਗੂੰਜਾਂ ਪੰਚਮ ਦੀਆਂ ਸੁਰਾਂ ਵਿਚ ਐਸੇ ਰੰਗਾਂ ਵਿਚ ਗੂੰਜਦੀਆਂ ਕਿ ਕੀਰਤਨ-ਅਖਾੜੇ ਦੀ ਹਰ ਨੁਕਰ ਵਿਚੋਂ, ਜਿਥੇ ਕਿਥੇ ਵੀ ਸੰਗਤਾਂ ਸਜ ਰਹੀਆਂ ਹੁੰਦੀਆਂ ਸਨ, ਸਭ ਪਾਸਿਓਂ ਓਹੀ ਗੂੰਜਾਂ ਸੁਣਾਈ ਦੇ ਰਹੀਆਂ ਹੁੰਦੀਆਂ ਸਨ। ਹਰੇਕ ਹਿਰਦਾ ਅਤੇ ਹਰੇਕ ਜਿਹਬਾ ਉਸ ਕੀਰਤਨ-ਰੰਗ ਨਾਲ ਇਕ-ਸੁਰ ਹੋਈ ਜਾਪਦੀ ਸੀ।

ਉਸ ਸਚੇ ਪ੍ਰੀਤਮ ਦੇ ਪ੍ਰੇਮ-ਅਖਾੜੇ ਵਿਚ ਕਿਤੇ ਨੀਂਦ ਜਾਂ ਊਂਘ ਤਕ ਨਹੀਂ ਸੀ ਹੁੰਦੀ। ਹਰੇਕ ਪ੍ਰਾਣੀ ਚਾਉ-ਚਈਲੇ ਰੰਗਾਂ ਵਿਚ ਇਕੋ ਚੌਕੜੇ ਵਿਚ ਹੀ ਸਾਰੀ ਰਾਤ ਦੇਹੋਂ ਬਿਦੇਹ ਹੋ ਕੇ ਕਲਗੀਧਰ ਜੀ ਦੇ ਚਰਨਾਂ ਨਾਲ ਲਿਪਟਿਆ ਜਾਪਦਾ ਸੀ। ਉਥੇ ਕੋਈ ਊਠਕ ਬੈਠਕ ਹੁੰਦੀ ਨਹੀਂ ਸੀ ਵੇਖੀ ਜਾਂਦੀ। ਸਾਰੇ ਹੀ ਗੁਰੂ ਕੇ ਕੀਰਤਨੀਏ ਭੀ ਅਰੰਭ ਤੋਂ ਭੋਗ ਤਕ ਉਥੇ ਹੀ ਸਜੇ ਰਹਿੰਦੇ ਅਤੇ ਕੋਈ ਉਥੋਂ ਹਿਲਣ ਦਾ ਨਾਂ ਤਕ ਨਹੀਂ ਸੀ ਲੈਂਦਾ।

ਉਸ ਹਵੇਲੀ ਦੇ ਦਰਸ਼ਨ ਕਰਦਿਆਂ ਜਦੋਂ ਇਹ ਪੁਰਾਤਨ ਨਜ਼ਾਰੇ ਅੱਖਾਂ ਅਗੇ ਆਉਂਦੇ ਹਨ ਤਾਂ ਹਿਰਦਾ ਉਸ ਪਿਆਰ-ਯਾਦ ਵਿਚ ਪਿਘਲ ਜਾਂਦਾ ਹੈ ਅਤੇ ਲੋਚਾ ਉਠਦੀ ਹੈ ਕਿ ਕੀ ਫਿਰ ਕਦੇ ਉਹ ਰੰਗ ਮਾਣੇ ਜਾ ਸਕਦੇ ਹਨ ! ਅਜ ਵੀ ਕੀਰਤਨ-ਅਖਾੜੇ ਸਜਦੇ ਹਨ, ਖ਼ੂਬ ਸਜਦੇ ਹਨ, ਰੰਗਾਂ ਵਿਚ ਸਜਦੇ ਹਨ, ਪਰ ਕਿਤੇ ਕੋਈ ਲੱਤਾਂ ਪਸਾਰ ਕੇ ਸੌਂ ਰਹੇ ਹੁੰਦੇ ਹਨ, ਕੋਈ ਕਿਸੇ ਨੁਕਰੇ ਬੈਠੇ ਉਂਘਲਾ ਰਹੇ ਹਨ ਅਤੇ ਅਨੇਕਾਂ ਪਿਆਰੇ ਦੀਵਾਨ ਦੇ ਆਲੇ ਦੁਆਲੇ ਟੋਲੀਆਂ ਵਿਚ ਖਲੋਤੇ ਤੇ ਘੁੰਮਦੇ ਗੱਪਾਂ ਮਾਰਦੇ ਦਿਖਾਈ ਦੇ ਰਹੇ ਹੁੰਦੇ ਹਨ। ਇਉਂ ਜਾਪਦਾ ਹੈ ਜਿਵੇਂ ਕਿ ਕੋਈ ਮੇਲਾ ਲਗਾ ਹੁੰਦਾ ਹੈ।

ਕੀਰਤਨ-ਸਮਾਗਮਾਂ ਦੀਆਂ ਉਨ੍ਹਾਂ ਉਹਲੇ ਹੋ ਚੁਕੀਆਂ ਯਾਦਾਂ ਦੇ ਸਾਹਮਣੇ ਅੱਜ ਦੇ ਕੀਰਤਨ-ਸਮਾਗਮਾਂ ਦੇ ਰੰਗ ਕੁਝ ਓਪਰੇ ਓਪਰੇ ਬਾਹਰਮੁਖੀ ਜਿਹੇ ਜਾਪਦੇ ਹਨ। ਸਤਿਗੁਰੂ ਮਿਹਰ ਕਰਨ ਅਤੇ ਗੁਰਸਿਖ ਪਨੀਰੀ ਨੂੰ ਪੁਰਾਤਨ ਰੰਗਾਂ ਵਿਚ ਮਿਲ ਬੈਠ ਕੇ ਕੀਰਤਨ ਰੰਗ ਮਾਣਨ ਦੇ ਚਾਉ ਬਖਸ਼ਣ।

ਭਾਈ ਸਾਹਿਬ ਦੀ ਯਾਦ, ਉਹ ਪੁਰਾਤਨ ਹਵੇਲੀ ਅਜ ਡਾਢੀ ਜੀਰਣ ਅਵਸਥਾ ਵਿਚ ਹੈ। ਚੁਬਾਰੇ ਤਾਂ ਅਧੇ-ਪਚੱਧੇ ਡਿਗ ਕੇ ਖੋਲਿਆਂ ਦਾ ਰੂਪ ਧਾਰਨ ਕਰ ਚੁਕੇ ਹਨ। ਪਰ ਇਨ੍ਹਾਂ ਦੇ ਬਾਹਰ ਲਿਖੀਆਂ ਗੁਰਬਾਣੀ ਦੀਆਂ ਇਹ ਤੁਕਾਂ ਅਜੇ ਵੀ ਲਸ ਲਸ ਕਰ ਰਹੀਆਂ ਹਨ—

ਜਹ ਸਾਧੂ ਗੋਬਿੰਦ ਭਜਨੁ ਕੀਰਤਨੁ ਨਾਨਕ ਨੀਤ ॥
ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥ (੨੫੬)

ਜੋ ਪਿਆਰੇ ਉਸ ਹਵੇਲੀ ਦੇ ਦਰਸ਼ਨ ਨੂੰ ਜਾਂਦੇ ਹਨ ਉਨ੍ਹਾਂ ਵਿਚੋਂ ਕਈਆਂ ਦੇ ਅੰਦਰੋਂ ਇਹ ਹੂਕ ਨਿਕਲਦੀ ਵੇਖੀ ਹੈ ਕਿ ਕੀ ਇਥੇ ਕੋਈ ਕੀਰਤਨ-ਹਾਲ ਨਹੀਂ ਬਣ ਸਕਦਾ ? ਅਤੇ ਇਸ ਮਹਾਨ ਅਸਥਾਨ ਤੇ, ਜਿਥੇ ਕਿ ਨਾਮ-ਸਿਮਰਨ-ਕੀਰਤਨ ਦੀਆਂ ਬੇਅੰਤ ਗੂੰਜਾਂ ਗੂੰਜਦੀਆਂ ਰਹੀਆਂ ਹਨ, ਕੀ ਕੀਰਤਨ ਦੇ ਉਹ ਰੰਗ-ਰਤੜੇ ਅਖਾੜੇ ਮੁੜ ਕੇ ਨਵੇਂ ਸਿਰੇ ਨਹੀਂ ਸਜ ਸਕਦੇ ? ਇਸ ਯਾਦਗਾਰੀ ਅਸਥਾਨ ਨੂੰ ਸੰਭਾਲਣ ਦੀ ਲੋੜ ਹੈ।



www.AKJ.Org

# ਭਾਈ ਰਣਧੀਰ ਸਿੰਘ ਜੀ

[ਸ: ਕੁਲਦੀਪ ਸਿੰਘ ਜੀ ਹਉਰਾ]

ਭਾਈ ਰਣਧੀਰ ਸਿੰਘ ਜੀ ਬਹੁਪੱਖੀ ਜੀਵਨ ਦੇ ਮਾਲਕ ਹੋਏ ਹਨ। ਉਹ ਸੱਚੇ ਸੁੱਚੇ, ਤਿਆਰ-ਬਰ-ਤਿਆਰ ਸੰਤ ਸਿਪਾਹੀ ਮਨੁੱਖ ਸਨ। ਨਾਮ ਬਾਣੀ ਤੇ ਸਿਮਰਨ-ਅਭਿਆਸ ਦੇ ਕਾਰਨ ਉਹਨਾਂ ਦਾ ਜੀਵਨ ਬੜਾ ਪ੍ਰਭਾਵਸ਼ਾਲੀ ਸੀ। ਜੋ ਵਿਅਕਤੀ ਵੀ ਉਹਨਾਂ ਦੇ ਸੰਪਰਕ ਵਿਚ ਆਏ ਉਹਨਾਂ ਤੋਂ ਪ੍ਰਭਾਵਤ ਹੋਏ ਬਗੈਰ ਨਾ ਰਹਿ ਸਕੇ। ਆਪ ਸਾਰੀ ਉਮਰ ਕੀਰਤਨ ਦਾ ਸੁਆਦ ਮਾਣਦੇ ਰਹੇ ਤੇ ਹੋਰਨਾਂ ਤਕ ਵੀ ਇਸ ਰਸ ਨੂੰ ਪਹੁੰਚਾਣ ਦਾ ਸਫਲ ਯਤਨ ਕੀਤਾ।——ਆਪ ਦਾ ਜਨਮ ੭ ਜੁਲਾਈ ੧੮੭੮ ਨੂੰ ਸ: ਨੱਥਾ ਸਿੰਘ ਦੇ ਘਰ ਮਾਤਾ ਪੰਜਾਬ ਕੌਰ ਦੀ ਕੁਖੋਂ ਹੋਇਆ। ਆਪ ਜੀ ਦੇ ਪਿਤਾ ਨਾਭਾ ਹਾਈ ਕੋਰਟ ਦੇ ਜਜ ਸਨ। ਭਾਈ ਸਾਹਿਬ ਦਾ ਬਚਪਨ ਆਪਣੇ ਪਿੰਡ ਨਾਰੰਗਵਾਲ ਜ਼ਿਲਾ ਲੁਧਿਆਣੇ ਵਿਚ ਬੀਤਿਆ। ੧੯੦੦ ਵਿਚ ਉਹਨਾਂ ਬੀ. ਏ. ਪਾਸ ਕੀਤੀ। ਪੜ੍ਹਾਈ ਦੇ ਦਿਨਾਂ ਵਿਚ ਵੀ ਆਪ ਆਪਣੇ ਨਿਤਨੇਮ ਵਿਚ ਪੱਕੇ ਰਹੇ। ਬੀ. ਏ. ਪਾਸ ਕਰਨ ਪਿਛੋਂ ੧੯੦੨ ਵਿਚ ਪਹਿਲੋਂ ਆਪ ਨਾਇਬ ਤਸੀਲਦਾਰ ਲਗੇ ਤੇ ਫੇਰ ਆਪ ਨੂੰ ਤਸੀਲਦਾਰ ਬਣਾਏ ਜਾਣ ਦੀ ਸਿਫਾਰਸ਼ ਹੋਈ। ਸਰਕਾਰੀ ਮਸ਼ੀਨਰੀ ਵਿਚ ਬੇਈਮਾਨ ਤੇ ਰਿਸ਼ਵਤਖੋਰੀ ਵੇਖ ਕੇ ਆਪ ਨੇ ਨੌਕਰੀ ਛਡ ਦਿਤੀ। ੧੪ ਜੂਨ ੧੯੦੩ ਨੂੰ ਅੰਮ੍ਰਿਤ ਛਕ ਕੇ ਤਿਆਰ ਬਰ-ਤਿਆਰ ਸਿੰਘ ਸੱਜ ਗਏ। ਗੁਰਬਾਣੀ ਦਾ ਪਾਠ ਕੀਰਤਨ ਤੇ ਸਤਿਸੰਗ ਆਪ ਦੇ ਜੀਵਨ ਦਾ ਆਧਾਰ ਬਣ ਗਿਆ। ੧੯੦੮ ਵਿਚ ਦਮਦਮਾ ਸਾਹਿਬ ਵਿਖੇ ਉਹਨਾਂ ਨੇ 'ਖਾਲਸਾ ਦੀਵਾਨ' ਦੀ ਨੀਂਹ ਰਖੀ ਤੇ ਫੇਰ ੧੯੦੯ ਵਿਚ ਬਾਬੂ ਤੇਜਾ ਸਿੰਘ ਭਸੌੜ ਵਾਲਿਆਂ ਦੀ ਪ੍ਰੇਰਨਾ ਨਾਲ 'ਪੰਚ ਖਾਲਸਾ ਦੀਵਾਨ' ਕਾਇਮ ਕੀਤਾ। ਭਸੌੜ ਦੇ ਇਕ ਸਮਾਗਮ ਸਮੇਂ ਉਹਨਾਂ ਦਾ ਮੇਲ ਬਾਬੂ ਮੱਲ ਸਿੰਘ ਜੀ ਨਾਲ ਹੋਇਆ, ਜੋ ਸਾਰੀ ਉਮਰ ਤਕ ਤੋੜ ਚੜ੍ਹਿਆ। ੧੯੦੮ ਤੋਂ ੧੯੧੪ ਤਕ ਦਾ ਸਮਾਂ ਉਹਨਾਂ ਨੇ ਸਤਿਸੰਗ ਸਮਾਗਮਾਂ, ਅਖੰਡਪਾਠਾਂ ਤੇ ਅਖੰਡ ਕੀਰਤਨਾਂ ਦਾ ਸੁਆਦ ਮਾਣਦਿਆਂ ਬਤੀਤ ਕੀਤਾ। ੧੯੧੪ ਨੂੰ ਚਮਕੌਰ ਸਾਹਿਬ ਦੇ ਸ਼ਹੀਦੀ ਜੋੜ ਮੇਲੇ ਸਮੇਂ ਪੁਜਾਰੀਆਂ ਤੇ ਪ੍ਰਬੰਧਕਾਂ ਨੂੰ ਚੰਗੀ ਤਰ੍ਹਾਂ ਸੋਧ ਕੇ ਗੁਰਦੁਆਰੇ ਦਾ ਕਬਜ਼ਾ ਪੰਥ ਦੇ ਹੱਥ ਦਿਤਾ। ਗੁਰਦੁਆਰਾ ਰਕਾਬ ਗੰਜ ਲਹਿਰ ਵਿਚ ਵੀ ਭਾਈ ਸਾਹਿਬ ਨੇ ਬਹੁਤ ਮਹੱਤਵ-ਪੂਰਨ ਯੋਗਦਾਨ ਦਿਤਾ।

ਜਦੋਂ ਅਮਰੀਕਾ ਤੇ ਕਨੇਡਾ ਵਿਚ ਗਦਰ ਲਹਿਰ ਸ਼ੁਰੂ ਹੋਈ ਤਾਂ ਬਹੁਤ ਸਾਰੇ ਗਦਰੀ ਭਾਰਤ ਵਿਚ ਵੀ ਪਹੁੰਚ ਗਏ। ਉਸ ਸਮੇਂ ਭਾਈ ਸਾਹਿਬ ਵੀ ਗਦਰ ਲਹਿਰ ਵਿਚ ਸ਼ਾਮਲ ਹੋ ਗਏ। ੧੯ ਫਰਵਰੀ ੧੯੧੫ ਦਾ ਦਿਨ ਛਾਉਣੀਆਂ ਵਿਚ ਗਦਰ ਕਰ ਦੇਣ ਲਈ ਮਿਥਿਆ ਗਿਆ ਸੀ। ਇਸੇ ਸੰਬੰਧ ਵਿਚ ਭਾਈ ਸਾਹਿਬ ਆਪਣੇ ਜਥੇ ਸਮੇਤ ਫਿਰੋਜ਼ਪੁਰ ਛਾਉਣੀ ਪਹੁੰਚ ਗਏ, ਪਰ ਮੁਖਬਰ ਕਿਰਪਾਲ ਸਿੰਘ ਦੇ ਭੇਤ ਖੋਲ੍ਹ ਦੇਣ ਕਰਕੇ ਸਾਰੀ ਸਕੀਮ ਫ਼ੇਲ੍ਹ ਹੋ ਗਈ। ਭਾਈ ਸਾਹਿਬ ਨੂੰ ੯ ਮਈ ੧੯੧੫ ਨੂੰ ਨਾਭੇ ਵਿਚ ਨਜ਼ਰਬੰਦ ਕਰ ਦਿਤਾ ਗਿਆ, ੧੭ ਜੂਨ ਨੂੰ ਉਹਨਾਂ ਨੂੰ ਲੁਧਿਆਣੇ ਲਿਆਂਦਾ ਗਿਆ। ੩੦ ਮਾਰਚ ੧੯੧੬ ਨੂੰ ਦੂਸਰੇ ਸਾਜ਼ਸ਼ ਕੇਸ ਲਾਹੌਰ ਵਿਚ ਆਪ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਦਿਤੀ ਗਈ।

੩ ਅਪ੍ਰੈਲ ੧੯੧੬ ਨੂੰ ਆਪ ਨੂੰ ਮੁਲਤਾਨ ਜੇਲ੍ਹ ਭੇਜ ਦਿਤਾ ਗਿਆ, ਜਿਥੇ ਆਪ ਤੇ ਬੜੀਆਂ ਸਖਤੀਆਂ ਕੀਤੀਆਂ ਗਈਆਂ। ਜੁਲਾਈ ੧੯੧੭ ਵਿਚ ਆਪ ਨੂੰ ਹਜ਼ਾਰੀ ਬਾਗ ਜੇਲ੍ਹ ਵਿਚ ਭੇਜ ਦਿਤਾ ਗਿਆ। ਸਵਾ ਚਾਰ ਸਾਲ ਦੇ ਏਥੇ ਬਤਾਏ ਸਮੇਂ ਵਿਚ ਆਪ ਨੇ ਕਈ ਵਾਰੀ ਭੁਖ ਹੜਤਾਲਾਂ ਕੀਤੀਆਂ। ਅਕਤੂਬਰ ੧੯੨੧ ਵਿਚ ਆਪ ਨੂੰ ਰਾਜ ਮੰਦਰੀ ਜੇਲ੍ਹ (ਮਦਰਾਸ) ਵਿਚ ਭੇਜ ਦਿਤਾ ਗਿਆ। ਏਥੇ ਰਹਿ ਕੇ ਆਪ ਨੇ "ਗੁਰਮਤਿ ਬਿਬੇਕ" ਪੁਸਤਕ ਦਾ ਖਰੜਾ ਤਿਆਰ ਕੀਤਾ।



www.AKJ.Org

੧ ਦਸੰਬਰ ੧੯੨੨ ਨੂੰ ਨਾਗਪੁਰ ਜੇਲ੍ਹ ਵਿਚ ਆਪ ਨੂੰ ਭੇਜਿਆ ਗਿਆ, ਜਿਥੋਂ ਦੇ ਬਾਹਮਣੋਂ ਬਣੇ ਈਸਾਈ ਸੁਪ੍ਰੰਟੈਂਡੈਂਟ ਵਲੋਂ ਬੜੇ ਬੜੇ ਦੁਖ ਤਸੀਹੇ ਦਿਤੇ ਗਏ ਅਤੇ ਧਰਮ-ਧੱਕਾ ਕੀਤਾ ਗਿਆ, ਜਿਸ ਨਾਲ ਸਾਰੇ ਦੇਸ਼ ਵਿਚ ਹਾਹਾਕਾਰ ਮਚ ਗਈ। ੧੫ ਮਈ ੧੯੩੦ ਨੂੰ ਆਪ ਨੂੰ ਲਾਹੌਰ ਲਿਆਂਦਾ ਗਿਆ ਤੇ ਚਾਰ ਅਕਤੂਬਰ ਨੂੰ ਰਿਹਾ ਕਰ ਦਿਤਾ ਗਿਆ। ਰਿਹਾਈ ਵਾਲੇ ਦਿਨ ਆਪ ਦੀ ਮੁਲਾਕਾਤ ਪ੍ਰਸਿਧ ਦੇਸ਼-ਭਗਤ ਸ਼ਹੀਦ ਭਗਤ ਸਿੰਘ ਨਾਲ ਕਰਾਈ ਗਈ। ਇਸ ਮਿਲਣੀ ਤੋਂ ਸ਼ਹੀਦ ਭਗਤ ਸਿੰਘ ਬਹੁਤ ਪ੍ਰਭਾਵਤ ਹੋਇਆ। ਰਿਹਾ ਹੋ ਕੇ ਭਾਈ ਸਾਹਿਬ ਅੰਮ੍ਰਿਤਸਰ ਤੋਂ ਦਰਸ਼ਨ ਕਰਦੇ ਹੋਏ, ੧੬ ਸਾਲਾਂ ਪਿਛੋਂ ਆਪਣੇ ਪਿੰਡ ਨਾਰੰਗਵਾਲ ਪੁਜੇ। ਰਿਹਾਈ ਪਿਛੋਂ ਕੀਰਤਨ-ਮੰਡਲ ਫੇਰ ਚਾਲੂ ਹੋ ਗਏ। ੧੯੩੧ ਤੋਂ ੧੯੬੧ ਤਕ ਦਾ ਸਮਾਂ ਭਾਈ ਸਾਹਿਬ ਨੇ ਅਖੰਡ ਪਾਠਾਂ, ਕੀਰਤਨ ਮੰਡਲਾਂ ਵਿਚ ਗੁਜ਼ਾਰਿਆ। ਵੱਖ ਵੱਖ ਸ਼ਹਿਰਾਂ, ਨਗਰਾਂ, ਪ੍ਰਦੇਸਾਂ ਤੇ ਪ੍ਰਾਂਤਾਂ ਵਿਚ ਅਖੰਡ-ਕੀਰਤਨ ਸਮਾਗਮ ਕਰਦੇ ਹੋਏ, ਅਖੰਡ ਕੀਰਤਨ ਦਾ ਰਸ ਮਾਣਦੇ ਹੋਏ, ਆਪ ੮੩ ਸਾਲ ਦੀ ਆਯੂ ਭੋਗ ਕੇ, ੧੬ ਅਪ੍ਰੈਲ ੧੯੬੧ ਨੂੰ ਗੁਰਪੁਰੀ ਪਿਆਨੇ ਕਰ ਗਏ।

ਆਪ ਨੇ ਸਮੁੱਚਾ ਜੀਵਨ ਸਰਬ ਲੋਹ ਦੀ ਧਾਰਨਾ ਤੇ ਕੇਸਾਂ ਸੁਆਸਾਂ ਸੰਗ ਨਿਭਾਇਆ। ਆਪ ਆਪਣੇ ਪਿਛੋਂ ਗੁਰਮਤਿ ਨੂੰ ਉਜਾਗਰ ਕਰਨ ਵਾਲਾ ਇਕ ਬਹੁਮੁਲਾ ਖਜ਼ਾਨਾ ਪੁਸਤਕਾਂ ਦੇ ਰੂਪ 'ਚ ਛੱਡ ਗਏ ਹਨ। ਭਾਈ ਸਾਹਿਬ ੩੬-੩੬ ਘੰਟੇ ਲਗਾਤਾਰ ਗੁਰਬਾਣੀ ਦਾ ਨਿਰਬਾਣ ਕੀਰਤਨ ਕਰਦੇ ਰਹਿੰਦੇ ਸਨ। ਇਹ ਕੀਰਤਨ ਦਾ ਸ਼ੌਕ ਅਗੋਂ ਉਹਨਾਂ ਨੇ ਆਪਣੇ ਸਹਿਯੋਗੀਆਂ ਦੇ ਦਿਲਾਂ ਵਿਚ ਵੀ ਪੈਦਾ ਕੀਤਾ। ਅਖੰਡ ਕੀਰਤਨੀ ਜਥਾ ਭਾਈ ਰਣਧੀਰ ਸਿੰਘ ਦੇ ਵਿਚਾਰਾਂ ਨਾਲ ਸਹਿਮਤ ਉਹਨਾਂ ਵਿਅਕਤੀਆਂ ਦਾ ਜਥਾ ਹੈ, ਜੋ ਅੰਮ੍ਰਿਤਧਾਰੀ ਤੇ ਤਿਆਰ ਬਰ ਤਿਆਰ ਸਿੰਘ ਸਿੰਘਣੀਆਂ ਹੁੰਦੇ ਹਨ। ਇਸ ਜਥੇ ਦੇ ਮੈਂਬਰ ਭਾਵੇਂ ਉਹ ਇਸਤ੍ਰੀ ਹੈ ਜਾਂ ਮਰਦ, ਨੀਲੇ ਦਸਤਾਰੇ ਸਜਾਂਦੇ ਹਨ ਤੇ ਰਲ ਮਿਲ ਕੇ ਕੀਰਤਨ ਕਰਦੇ ਹਨ। ਕੀਰਤਨੀ ਜਥਿਆਂ ਵਿਚ ਹਰ ਵਰਗ ਦੇ ਲੋਕ ਸ਼ਾਮਲ ਹੁੰਦੇ ਹਨ। ਪ੍ਰੋਫੈਸਰ, ਡਾਕਟਰ, ਇੰਜੀਨੀਅਰ, ਸਿਵਲ ਤੇ ਮਿਲਟਰੀ ਦੇ ਅਫਸਰ, ਵਪਾਰੀ ਤੇ ਪਿੰਡਾਂ 'ਦੇ ਜ਼ਿਮੀਦਾਰ, ਪੁਰਸ਼, ਇਸਤ੍ਰੀਆਂ ਅਖੰਡ ਕੀਰਤਨੀ ਜਥੇ ਦੇ ਮੈਂਬਰ ਹੁੰਦੇ ਹਨ। ਗਾਤਰਾ ਕ੍ਰਿਪਾਨ ਤੇ ਗੁਰਮੁਖੀ ਪਹਿਰਾਵਾ ਰਖਦੇ ਹਨ ਤੇ ਇਹ ਹੀ ਇਹਨਾਂ ਦੀ ਪਛਾਣ ਹੈ। ਕੀਰਤਨ ਇਹ ਆਪਣੇ ਕਿੱਤੇ ਦੇ ਤੌਰ ਤੇ ਨਹੀਂ ਕਰਦੇ, ਸਗੋਂ ਮਨ ਦੀ ਤ੍ਰਿਪਤੀ ਤੇ ਸੰਗਤਾਂ ਦੀ ਸੇਵਾ ਵਾਸਤੇ ਕਰਦੇ ਹਨ। ਅਖੰਡ ਕੀਰਤਨੀ ਜਥੇ ਦਾ ਮਨੋਰਥ ਗੁਰਸਿੱਖ ਪ੍ਰੀਵਾਰਾਂ ਨੂੰ ਅੰਮ੍ਰਿਤ ਛਕਾ ਕੇ, ਗੁਰੂ ਵਾਲੇ ਬਣਾ ਕੇ, ਨਾਮ ਜਪਣ ਲਈ ਪ੍ਰੇਰਤ ਕਰਨਾ ਹੁੰਦਾ ਹੈ। ਅਖੰਡ ਕੀਰਤਨੀ ਜਥੇ ਦੇ ਨੌਜੁਆਨ ਆਪਣੀ ਰਹਿਤ-ਬਹਿਤ ਵਿਚ ਪੱਕੇ ਤੇ ਸੁਚ-ਸੰਜਮ ਵਿਚ ਬਹੁਤ ਕਰੜੇ ਹੁੰਦੇ ਹਨ। ਅਖੰਡ ਕੀਰਤਨੀ ਜਥੇ ਦੀ ਇਹ ਕਰੜਾਈ ਕੇਵਲ ਮਹਿੰਗੇ ਮੁਲ ਪ੍ਰਾਪਤ ਕੀਤੀ ਹੋਈ ਗੁਰਸਿੱਖੀ ਦੀ ਅਮੋਲਕ ਦਾਤ ਦੀ ਸੰਭਾਲ ਲਈ ਹੀ ਹੈ। ਅਖੰਡ ਕੀਰਤਨੀ ਜਥਾ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਅਣਮੁਲਾ ਵਿਰਸਾ ਹੈ, ਜਿਸ ਨੂੰ ਸੰਭਾਲਣ ਦੀ ਲੋੜ ਹੈ।

---

**ਜ਼ਰੂਰੀ ਬੇਨਤੀਆਂ**—(੧) ਬਾਰ ਬਾਰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣਾ ਚਿੱਟ ਨੰਬਰ ਚਿਠੀ ਪਤਰ ਅਤੇ ਸਮੇਂ ਮਨੀਆਰਡਰ ਭੇਜਣ ਸਮੇਂ ਜ਼ਰੂਰ ਲਿਖੋ। ਹਰ ਮਹੀਨੇ ਤੁਹਾਡੇ ਪਰਚੇ ਉਤੇ ਤੁਹਾਡੇ ਸਰਨਾਵੇਂ ਤੋਂ ਪਹਿਲਾਂ ਅਸੀਂ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ।

(੨) ਹਰੇਕ ਪਾਠਕ ਦਾ 'ਸੂਰਾ' ਹਰ ਮਹੀਨੇ ਪਹਿਲੀ ਤਰੀਕ ਨੂੰ ਚੈਕ ਕਰ ਕੇ ਡਾਕੇ ਪਾਇਆ ਜਾਂਦਾ ਹੈ। ਕਈ ਪਰਚੇ ਰਾਹ ਵਿਚ ਗੁੰਮ ਕੀਤੇ ਜਾਂਦੇ ਹਨ। ਪਰਚਾ ਨਾ ਮਿਲੇ ਤਾਂ ਉਸੇ ਮਹੀਨੇ ਦੇ ਅੱਧ ਤਕ ਸਾਨੂੰ ਕਾਰਡ ਪਾਓ, ਅਸੀਂ ਦੁਬਾਰਾ ਭੇਜ ਦੇਵਾਂਗੇ।

(੩) ਚੰਦੇ ਖ਼ਤਮ ਹੋਣ ਦੀ ਮੋਹਰ ਜਿਸ ਪਰਚੇ ਤੇ ਮਿਲੇ, ਓਦੋਂ ਹੀ ਚੰਦਾ ਮਨੀਆਰਡਰ ਕਰ ਦੇਵੋ ਜੀ। ਗੁਰਮਤਿ ਦੇ ਪਰਚਾਰ ਲਈ 'ਸੂਰਾ' ਦੇ ਨਵੇਂ ਮੈਂਬਰ ਬਣਾਓ ਜੀ।



www.AKJ.Org

# ਪੂਰਬ ਜਨਮ ਕੇ ਮਿਲੇ ਸੰਜੋਗੀ (੭)

(ਪ੍ਰੋਫੈਸਰ ਠਾਕਰ ਸਿੰਘ ਜੀ, ਸ੍ਰੀ ਅੰਮ੍ਰਿਤਸਰ)

**ਗੁਰਦੁਆਰਾ ਸੁਧਾਰ ਲਹਿਰ–**

ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਨੇ ਸਾਰੀ ਸਿਖ ਕੌਮ ਨੂੰ ਹਲੂਣ ਕੇ ਰਖ ਦਿਤਾ। ਕੌਮ ਜਾਗ ਉਠੀ। ਗੁਰਦੁਆਰਿਆਂ ਦਾ ਪਰਬੰਧ ਪੁਜਾਰੀਆਂ ਤੋਂ ਛੁੜਾਉਣ ਲਈ ਕੌਮ ਤਤਪਰ ਹੋ ਗਈ। ਇਸ ਸੁਧਾਰ ਲਹਿਰ ਵਿਚ ਸਮੁੰਦਰੀ ਜੀ ਦੇ ਨਾਲ ਜਾਮਾਰਾਏ ਅਤੇ ਮੋਹਨਪੁਰੇ ਦੇ ਗੁਰਮੁਖ ਪਰਵਾਰ ਵੀ ਪੂਰਾ ਹਿੱਸਾ ਪਾ ਰਹੇ ਸਨ। ਸ: ਹਜ਼ਾਰਾ ਸਿੰਘ ਜੀ ਜਾਮਾਰਾਏ ਉਸ ਵੇਲੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਜੀ ਦੇ ਮੈਨੇਜਰ ਥਾਪੇ ਗਏ। ਇਨ੍ਹਾਂ ਦੀ ਰਿਹਾਇਸ਼ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਖਬੇ ਪਾਸੇ, ਪਰਕਰਮਾ ਦੇ ਨਾਲ ਲਗਦੇ ਪਹਿਲੇ ਬੁੰਗੇ ਵਿਚ ਹੁੰਦੀ ਸੀ, ਜੋ ਹੁਣ ਗਿਰਾਇਆ ਜਾ ਚੁਕਿਆ ਹੈ। ਸ: ਹਜ਼ਾਰਾ ਸਿੰਘ ਜੀ ਨੇ, ਬਾਊ ਜੀ ਨੂੰ ਸ੍ਰੀ ਅੰਮ੍ਰਿਤਸਰ ਜੀ ਆਉਂਦੇ ਜਾਂਦੇ ਇਥੇ ਠਹਿਰਨ ਲਈ ਬੇਨਤੀ ਕਰ ਰਖੀ ਸੀ। ਸ: ਹਜ਼ਾਰਾ ਸਿੰਘ ਜੀ ਦੇ ਛੋਟੇ ਭਾਈ ਸ: ਹਰਬੰਸ ਸਿੰਘ ਜੀ ਤਰਨ ਤਾਰਨ ਸਾਹਿਬ ਵਿਖੇ ਗੁੰਡਾ-ਅਨਸਰ ਦੀ ਸੋਧ-ਸੁਧਾਈ ਕਰਨ ਵਾਲੇ ਜਥੇ ਦੇ ਜਥੇਦਾਰ ਥਾਪੇ ਗਏ। ਗੁਰਦੁਆਰਾ ਸਾਹਿਬ ਅਤੇ ਪਰਕਰਮਾ ਵਿਚ ਬਦਮਾਸ਼ ਤੇ ਦਾੜ੍ਹੀ-ਕਟੇ, ਜੋ ਸ਼ਰਾਰਤਾਂ ਕਰਨ ਆਉਂਦੇ ਸਨ, ਉਨ੍ਹਾਂ ਨੂੰ ਸੋਧਣ ਅਤੇ ਚਾਟਾ ਛਕਾਉਣ ਦਾ ਪਰਬੰਧ ਇਸ ਜਥੇ ਦੇ ਸਪੁਰਦ ਸੀ। ਸ: ਹਰਬੰਸ ਸਿੰਘ ਜੀ ਦਸਦੇ ਸਨ ਕਿ ਬਦਮਾਸ਼ਾਂ ਤੇ ਬੁਰੀਆਂ ਕਰਤੂਤਾਂ ਵਾਲੇ ਇਨ੍ਹਾਂ ਗੁੰਡਿਆਂ ਨਾਲ ਵਾਸਤਾ ਪੈਣਾ ਬੜਾ ਖ਼ਤਰਨਾਕ ਹੁੰਦਾ ਹੈ, ਇਸ ਲਈ ਇਸ ਸੋਧ-ਸੁਧਾਈ ਵਾਲੇ ਜਥੇ ਵਿਚ ਨੌਜੁਆਨ ਅਤੇ ਗੁਰਸਿਖੀ ਜਜ਼ਬੇ ਵਾਲੇ ਸਿੰਘ ਹੀ ਲਏ ਜਾਂਦੇ ਸਨ। ਬਦਮਾਸ਼ਾਂ ਨੂੰ ਕਾਬੂ ਕਰ ਕੇ ਇਕ ਬੰਦ ਕਮਰੇ ਵਿਚ ਲਿਜਾ ਕੇ ਅਜਿਹੀ ਕੁੱਟ-ਮਾਰ ਕੀਤੀ ਜਾਂਦੀ ਸੀ ਕਿ ਉਹ ਕੰਨਾਂ ਨੂੰ ਹੱਥ ਲਾ ਕੇ ਮਾਫੀਆਂ ਮੰਗਦੇ ਅਤੇ ਮੁੜ ਕਦੇ ਪਰਕਰਮਾ ਵਿਚ ਨਾ ਆਉਣ ਦਾ ਇਕਰਾਰ ਕਰ ਕੇ ਉਥੋਂ ਜਾਨ ਛੁਡਾਉਂਦੇ ਸਨ। ਇਸ ਜਥੇ ਦਾ ਨਾਮ "ਮਾਝਾ ਖਾਲਸਾ ਦੀਵਾਨ" ਵਜਦਾ ਸੀ। ਇਸ ਦੀਵਾਨ ਦੇ ਜਥੇਦਾਰ ਭਾਈ ਸਾਹਿਬ ਤੇਜਾ ਸਿੰਘ ਜੀ ਭੁੱਚਰ ਸਨ। ਇਨ੍ਹਾਂ ਦੇ ਮਸ਼ਹੂਰ ਪਰਚਾਰਕ ਤੇ ਕਾਰਜ-ਕਰਤਾ ਗਿਆਨੀ ਲਾਲ ਸਿੰਘ ਜੀ ਸਨ। ਸੁਭਾਵਕ ਹੀ ਗਿਆਨੀ ਲਾਲ ਸਿੰਘ ਜੀ ਬਾਊ ਜੀ ਨੂੰ ਸ੍ਰੀ ਅੰਮ੍ਰਿਤਸਰ ਮਿਲ ਪਏ। ਗਿਆਨੀ ਜੀ ਨੇ ਸ੍ਰੀ ਬਾਊ ਜੀ ਬਾਰੇ ਪਹਿਲਾਂ ਸੁਣਿਆ ਹੋਇਆ ਸੀ ਕਿ ਆਪ ਜੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਜਥੇ ਦੇ ਵਡੇ ਰੁਕਨ ਹਨ ਅਤੇ ਗੁਰਸਿਖੀ ਰਹਿਤ ਬਹਿਤ ਵਿਚ ਬਿਬੇਕ ਦੇ ਧਾਰਨੀ ਹਨ। ਭਾਈ ਸਾਹਿਬ ਜੀ ਦੇ ਜਥੇ ਵਾਂਗ ਮਾਝਾ ਖਾਲਸਾ ਦੀਵਾਨ ਵਾਲੇ ਵੀ ਅੰਮ੍ਰਿਤ ਛਕਾਉਣ ਸਮੇਂ ਬੀਬੀਆਂ ਲਈ ਕੇਸਕੀ ਦੀ ਰਹਿਤ ਜ਼ਰੂਰੀ ਦ੍ਰਿੜ੍ਹ ਕਰਾਉਂਦੇ ਸਨ, ਭਾਵੇਂ ਉਹ ਬਿਬੇਕ ਦਾ ਇਤਨਾ ਖਿਆਲ ਨਹੀਂ ਸੀ ਕਰਦੇ। ਗਿਆਨੀ ਜੀ ਨੇ ਸ੍ਰੀ ਬਾਊ ਜੀ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦੇ ਪਿੰਡ ਵਰਪਾਲ ਵਿਖੇ ਸ੍ਰੀ ਅਖੰਡਪਾਠ ਤੇ ਅੰਮ੍ਰਿਤ-ਸਿੰਚਾਰ ਦਾ ਸਮਾਗਮ ਰਖਿਆ ਜਾਵੇ।

**ਵਰਪਾਲ ਸਮਾਗਮ–**

ਸ੍ਰੀ ਬਾਊ ਜੀ ਨੇ ਵਰਪਾਲ ਵਿਖੇ ਸਮਾਗਮ ਕਰਨ ਲਈ ਗਿ: ਲਾਲ ਸਿੰਘ ਜੀ ਨੂੰ ਤਰੀਕਾਂ ਦੇ ਦਿਤੀਆਂ, ਅਤੇ ਭਾਈ ਅਤਰ ਸਿੰਘ ਜੀ, ਗਿਆਨੀ ਦਲੀਪ ਸਿੰਘ ਜੀ ਤੇ ਭਾਈ ਸੁਰਜਨ ਸਿੰਘ ਜੀ ਨੂੰ ਵਰਪਾਲ ਪੁਜਣ ਲਈ ਬੇਨਤੀਆਂ ਕਰ ਭੇਜੀਆਂ। ਬਾਬਾ ਉਜਾਗਰ ਸਿੰਘ ਜੀ, ਉਨ੍ਹਾਂ ਦੇ ਸਪੁੱਤਰ ਵੀਰ ਹਰੀ ਸਿੰਘ ਜੀ ਅਤੇ ਦਾਸ ਤਾਂ ਉਨ੍ਹਾਂ ਦੇ ਪਾਸ ਹੀ ਹਾਜ਼ਰ ਸਾਂ। ਸੋ ਜਥੇ ਨੇ ਉਥੇ ਪੁਜ ਕੇ ਮਰਯਾਦਾ ਅਨੁਸਾਰ ਅੰਮ੍ਰਿਤ ਵੇਲੇ ਤਿਆਰੇ ਕਰ ਕੇ, ਆਸਾ ਦੀ ਵਾਰ ਦਾ ਕੀਰਤਨ ਕੀਤਾ ਅਤੇ ਸ੍ਰੀ ਅਖੰਡ-ਪਾਠ ਅਰੰਭ ਹੋ ਗਿਆ। ਭੋਗ ਪਿਛੋਂ ਫਿਰ ਆਸਾ ਦੀ ਵਾਰ ਦੇ ਕੀਰਤਨ ਵਿਚ ਸੰਗਤਾਂ ਨੇ ਜੁੜ ਕੇ ਅਨੰਦ ਮਾਣਿਆ। ਸਮਾਪਤੀ ਸਮੇਂ



www.AKJ.Org

ਗਿਆਨੀ ਲਾਲ ਸਿੰਘ ਜੀ ਨੇ, ਜੋ ਬੜੇ ਖੋਜੀ ਤੇ ਗੁਣੀ ਗਿਆਨੀ ਪੁਰਸ਼ ਸਨ, ਮਾਝੇ ਜਥੇ ਦੇ ਸਭ ਸਿੰਘਾਂ ਨੂੰ ਵੀ ਬਿਬੇਕ ਧਾਰਨ ਦੀ ਪ੍ਰੇਰਨਾ ਕੀਤੀ। ਦੀਵਾਨ ਦੀ ਸਮਾਪਤੀ ਉਪਰੰਤ ਸਭ ਅੰਮ੍ਰਿਤ-ਅਭਿਲਾਖੀਆਂ ਨੇ ਦਾਤਾ ਜੀ ਦੀ ਹਜ਼ੂਰੀ ਵਿਚ ਹਾਜ਼ਰ ਹੋ ਕੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਇਨ੍ਹਾਂ ਦਿਨਾਂ ਵਿਚ ਇਸ ਮਾਝੇ ਜਥੇ ਦੀ ਬੜੀ ਚੜ੍ਹਤ ਸੀ ਤੇ ਇਹੋ ਜਥਾ ਹੀ ਸ੍ਰੀ ਅਕਾਲ ਤਖਤ ਸਾਹਿਬ ਦਾ ਪਰਬੰਧ ਕਰਦਾ ਸੀ। ਅੰਮ੍ਰਿਤ ਛਕਾਉਣ ਵੇਲੇ ਇਹ ਸਭ ਨੂੰ ਗਾਤਰੇ ਕਿਰਪਾਨ ਧਾਰਨ ਕਰੀ ਰਖਣ ਅਤੇ ਬੀਬੀਆਂ ਨੂੰ ਸੀਸ ਤੇ ਕੇਸਕੀ ਸਜਾਈ ਰਖਣੀ ਜ਼ਰੂਰੀ ਦਸਦੇ ਸਨ। ਬਾਅਦ ਵਿਚ ਕਾਨੂੰਨੀ ਤੌਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣ ਜਾਣ ਤੇ ਸ੍ਰੀ ਅਕਾਲ ਤਖਤ ਸਾਹਿਬ ਦਾ ਪਰਬੰਧ ਵੀ ਬਦਲ ਗਿਆ ਅਤੇ ਇਨ੍ਹਾਂ ਰਹਿਤਾਂ ਵਿਚ ਹੌਲੀ ਹੌਲੀ ਢਿਲਿਆਈ ਆਉਂਦੀ ਗਈ। ਅਤੇ ਅੰਤ ਨੂੰ ਬੀਬੀਆਂ ਦੀ ਕੇਸਕੀ ਸਜਾਉਣ ਦੀ ਮਰਯਾਦਾ ਦਾ ਭੋਗ ਹੀ ਪਾ ਦਿਤਾ ਗਿਆ।

ਪਿੰਡ ਵਰਪਾਲ ਦੇ ਸਮਾਗਮ ਨਾਲ ਜਥੇ ਦੀ, ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਅਤੇ ਸ੍ਰੀ ਬਾਊ ਮੱਲ ਸਿੰਘ ਜੀ ਦੀ ਸੋਭਾ ਸਾਰੇ ਮਾਝੇ ਵਿਚ ਫੈਲ ਗਈ। ਇਸ ਦੇ ਨਾਲ ਹੀ ਸ: ਊਧਮ ਸਿੰਘ ਨਾਗੋਕੇ ਵੀ ਆ ਮਿਲੇ, ਜੋ ਬਾਊ ਜੀ ਦੇ ਭੂਆ ਦੇ ਪੋਤਰੇ ਸਨ। ਇਸ ਨਾਗੋਕੇ ਪਿੰਡ ਵਿਚ ਬਾਊ ਜੀ ਦੇ ਪਿਤਾ ਕਾਹਨ ਸਿੰਘ ਜੀ ੨੬ ਸਾਲ ਆਪਣੀ ਭੈਣ ਦੀ ਸੰਭਾਲ ਲਈ ਰਹੇ ਸਨ। ਸ: ਊਧਮ ਸਿੰਘ ਜੀ ਦੇ ਨਾਲ ਜਥੇਦਾਰ ਮੋਹਨ ਸਿੰਘ ਨਾਗੋਕੇ ਤੇ ਸ: ਈਸ਼ਰ ਸਿੰਘ ਮਝੈਲ ਵੀ ਆਉਣ ਜਾਣ ਲਗ ਪਏ। ਭਾਵੇਂ ਬਾਊ ਜੀ ਕਿਸੇ ਜਥੇ ਜਾਂ ਕਮੇਟੀ ਦੇ ਮੈਂਬਰ ਨਹੀਂ ਸਨ, ਪਰ ਸਮੁੰਦਰੀ ਜੀ, ਨਾਗੋਕੇ ਦੇ ਨੇੜੇ ਹੋਣ ਕਰਕੇ, ਸਭ ਕੁਝ ਬਾਊ ਜੀ ਦੀ ਸਲਾਹ ਨਾਲ ਹੀ ਕੀਤਾ ਜਾਂਦਾ ਸੀ।

**ਤਰਨ ਤਾਰਨ ਸਮਾਗਮ–**

ਇਨ੍ਹਾਂ ਦਿਨਾਂ ਵਿਚ ਸ: ਰਛਪਾਲ ਜੀ ਦੇ ਚਾਚਾ ਸ: ਭਾਨ ਸਿੰਘ ਦੇ ਇਕੋ ਇਕ ਲੜਕੇ ਸ: ਅਜਾਇਬ ਸਿੰਘ ਮੋਹਰਕੇ ਤਾਪ ਨਾਲ ਸਖ਼ਤ ਬੀਮਾਰ ਹੋ ਗਏ। ਜ਼ਿਆਦਾ ਤਕਲੀਫ਼ ਕਰਕੇ ਉਨ੍ਹਾਂ ਨੂੰ ਸ੍ਰੀ ਤਰਨ ਤਾਰਨ ਭਾਈ ਮੋਹਨ ਸਿੰਘ ਜੀ ਵੈਦ ਦੇ ਇਲਾਜ ਲਈ ਲਿਆਂਦਾ ਗਿਆ। ਇਥੇ ਉਨ੍ਹਾਂ ਨੇ ਆਪਣੀ ਹਵੇਲੀ ਵਿਚ ਰਹਿਣ ਦਾ ਪਰਬੰਧ ਕੀਤਾ। ਕ੍ਰਾਫੀ ਦਿਨ ਬੀਤ ਗਏ, ਪਰ ਬੁਖ਼ਾਰ ਨਾ ਉਤਰਿਆ। ਅਖ਼ੀਰ ਨੂੰ ਸ: ਰਛਪਾਲ ਸਿੰਘ ਜੀ ਬਾਊ ਜੀ ਪਾਸ ਪੁਜੇ ਤੇ ਬੇਨਤੀ ਕੀਤੀ ਕਿ ਆਪਣਾ ਗੁਰਮਤੀ ਨੁਸਖ਼ਾ "ਸਰਬ ਰੋਗ ਕਾ ਅਉਖਧ ਨਾਮੁ" ਵਰਤ ਕੇ, ਸੱਚੇ ਪਾਤਸ਼ਾਹ ਦੀ ਦਰਗਾਹ ਵਿਚ ਅਰਦਾਸ ਕਰੋ, ਜੁ ਸ: ਅਜਾਇਬ ਸਿੰਘ ਰਾਜ਼ੀ ਹੋ ਜਾਵੇ। ਉਸੇ ਵਕਤ ਤਿਆਰੇ ਹੋ ਗਏ ਅਤੇ ਸ੍ਰੀ ਤਰਨ ਤਾਰਨ ਪੁਜ ਕੇ, ਅਗਲੇ ਦਿਨ ਆਸਾ ਦੀ ਵਾਰ ਦੇ ਕੀਰਤਨ ਪਿਛੋਂ ਸਰਦਾਰ ਸਾਹਿਬ ਦੀ ਅਰੋਗਤਾ ਲਈ ਅਰਦਾਸ ਕੀਤੀ ਤੇ ਸ੍ਰੀ ਅਖੰਡਪਾਠ ਅਰੰਭ ਹੋ ਗਿਆ। ਵਕਤ ਥੋੜਾ ਸੀ, ਇਸ ਲਈ ਜਥੇ ਦੇ ਸਿਘਾਂ ਨੂੰ ਦੂਰੋਂ ਨੇੜਿਓਂ ਸਦਿਆ ਨਾ ਗਿਆ ਅਤੇ ਲੋਕਲ ਹੀ ਪਰਬੰਧ ਕਰ ਲਿਆ ਗਿਆ। ਗਿਆਨੀ ਜਗਜੀਤ ਸਿੰਘ ਜੀ ਤਖ਼ਤੂ ਚਕ ਤੋਂ ਅਤੇ ਹੋਰ ਪਾਠੀ ਤੇ ਰਾਗੀ ਮਾਸਟਰ ਈਸ਼ਰ ਸਿੰਘ ਜੀ ਮੈਨੇਜਰ 'ਖਾਲਸਾ ਕੀਰਤਨ ਵਿਦਿਆਲਾ' ਸ੍ਰੀ ਤਰਨ ਤਾਰਨ ਤੋਂ ਲੈ ਲਏ। ਸਾਰੇ ਪਰਵਾਰ ਨੂੰ ਤੇ ਸਾਰੀ ਸੰਗਤ ਨੂੰ ਬੇਨਤੀ ਕੀਤੀ ਗਈ ਕਿ ਕੋਈ ਹੋਰ ਗੱਲ-ਬਾਤ ਨਾ ਕੀਤੀ ਜਾਏ ਜਾਂ ਪਾਠ ਸੁਣਨਾ ਹੈ ਜਾਂ ਕਰਨਾ ਹੈ ਜਾਂ ਫਿਰ ਗੁਰ-ਮੰਤਰ ਦਾ ਜਾਪ ਕਰਨਾ ਹੈ। ਭੋਗ ਵਾਲੇ ਦਿਨ ਮਾਸਟਰ ਈਸ਼ਰ ਸਿੰਘ ਜੀ ਆਪਣੇ ਨਾਲ ਵਿਦਿਆਲੇ ਦਾ ਕੀਰਤਨੀ ਜਥਾ ਵੀ ਲੈ ਆਏ। ਬੜਾ ਸੁੰਦਰ ਕੀਰਤਨ ਹੋਇਆ ਅਤੇ ਕੀਰਤਨ ਵਿਚ ਅਰੋਗਤਾ ਲਈ ਸ਼ਬਦ ਪੜ੍ਹੇ ਗਏ। ਸ੍ਰੀ ਬਾਊ ਜੀ ਨੇ ਭੋਗ ਸਮੇਂ ਬੜੇ ਬੈਰਾਗ ਵਿਚ ਅਰਦਾਸ ਕੀਤੀ। ਸੱਚੇ ਪਾਤਸ਼ਾਹ ਦੀ ਅਜਿਹੀ ਬਖਸ਼ਸ਼ ਹੋਈ ਕਿ ਉਸੇ ਹਫਤੇ ਬੁਖ਼ਾਰ ਟੁਟ ਗਿਆ ਤੇ ਸ: ਅਜਾਇਬ ਸਿੰਘ ਜੀ ਘਰ ਚਲੇ ਗਏ।


www.AKJ.Org

ਅਜੇ ਪਿੰਡ ਗਏ ਨੂੰ ਛੇ ਮਹੀਨੇ ਹੀ ਹੋਏ ਸਨ ਕਿ ਉਨ੍ਹਾਂ ਦੇ ਇਕੋ ਇਕ ਨੌਜੁਆਨ ਭੁਜੰਗੀ ਨੂੰ ਓਹੋ ਮੋਹਰਕਾ ਬੁਖ਼ਾਰ ਹੋ ਗਿਆ। ਬੜਾ ਇਲਾਜ ਕੀਤਾ, ਪਰ ਕੋਈ ਪੇਸ਼ ਨਾ ਚਲੀ ਅਤੇ ਉਹ ਦਾਤਾ ਜੀ ਦੇ ਹੁਕਮ ਵਿਚ ਚੜ੍ਹਾਈ ਕਰ ਗਿਆ। ਸਾਰਾ ਪਰਵਾਰ ਬੜਾ ਉਦਾਸ ਹੋ ਗਿਆ। ਘਰ ਵਿਚ ਹੋਰ ਕੋਈ ਬੱਚਾ ਨਾ ਹੋਣ ਕਰਕੇ ਘਰ ਸੁੰਞਾ ਹੋ ਗਿਆ। ਸ: ਅਜਾਇਬ ਸਿੰਘ ਤੇ ਉਨ੍ਹਾਂ ਦੀ ਪਤਨੀ ਬੀਬੀ ਪ੍ਰੀਤਮ ਕੌਰ ਫਿਰ ਬਾਊ ਜੀ ਪਾਸ ਗਏ ਅਤੇ ਬੜੀ ਅਧੀਨਗੀ ਤੇ ਨਿਮਰਤਾ ਵਿਚ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਦੇ ਦਰ ਤੇ ਹੋਰ ਬੱਚੇ ਲਈ ਅਰਦਾਸ ਕਰੋ। ਬਾਊ ਜੀ ਨੇ ਕਿਹਾ ਕਿ ਸਤਿਗੁਰੂ ਸਦਾ ਬਖ਼ਸ਼ਿੰਦ ਹਨ। ਸ੍ਰੀ ਅਖੰਡਪਾਠ ਸਮਾਗਮ ਕਰਵਾਓ, ਗੁਰੂ ਪਾਤਸ਼ਾਹ ਦੇ ਚਰਨਾਂ ਵਿਚ ਜੋਦੜੀ ਕਰਾਂਗੇ। ਇਸੇ ਤਰ੍ਹਾਂ ਹੀ ਹੋਇਆ ਅਤੇ ਅਰਦਾਸ ਕੀਤੀ। ਪੂਰੇ ਇਕ ਸਾਲ ਪਿਛੋਂ ਬੱਚੇ ਦੀ ਬਖਸ਼ਸ਼ ਹੋਈ। ਤਿੰਨ ਸਾਲ ਪਿਛੋਂ ਦੂਸਰਾ ਬੱਚਾ ਪੈਦਾ ਹੋਇਆ। ਇਹ ਦੋਵੇਂ ਖ਼ੂਬਸੂਰਤ ਬੱਚੇ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਤੋਂ ਪੜ੍ਹ ਕੇ ਫ਼ੌਜ ਵਿਚ ਭਰਤੀ ਹੋ ਗਏ। ਉਨ੍ਹਾਂ ਵਿਚੋਂ ਵਡਾ ਕਰਨਲ ਹੈ ਤੇ ਦੂਜਾ ਮੇਜਰ ਦੀ ਡਿਊਟੀ ਦੇ ਰਿਹਾ ਹੈ।

**ਖੱਖ ਪਿੰਡ ਵਿਖੇ ਸਮਾਗਮ–**

ਇਨ੍ਹਾਂ ਦਿਨਾਂ ਵਿਚ ਸ੍ਰੀ ਬਾਊ ਜੀ ਅਜੇ ਸ੍ਰੀ ਅੰਮ੍ਰਿਤਸਰ ਜੀ ਹੀ ਸਨ ਕਿ ਆਪ ਦੀ ਵਡੀ ਬੀਬੀ ਸੰਤ ਕੌਰ ਦੇ ਸਹੁਰਾ ਸਾਹਿਬ, ਭਾਈ ਰਣਧੀਰ ਸਿੰਘ ਜੀ ਬਾਊ ਜੀ ਪਾਸ ਹਾਜ਼ਰ ਹੋਏ ਤੇ ਬੇਨਤੀ ਕੀਤੀ ਕਿ ਅੰਮ੍ਰਿਤ ਛਕਣ ਦੇ ਅਭਿਲਾਖੀ ਸਿੰਘ ਪਿੰਡ ਖੱਖ ਵਿਖੇ ਸਮਾਗਮ ਕਰਨ ਲਈ ਬੇਨਤੀ ਕਰਦੇ ਹਨ। ਇਸ ਪਿੰਡ ਦਾ ਇਕ ਖਾਲਸਾ, ਭਾਈ ਭਗਤ ਸਿੰਘ ਪਹਿਲਾਂ ਤੁਸਿਕੇ ਸਮਾਗਮ ਵਿਚ ਪੁਜਾ ਹੋਇਆ ਸੀ, ਉਸ ਨੇ ਵੀ ਆਪ ਜੀ ਪਾਸ ਬੇਨਤੀ ਕੀਤੀ ਸੀ। ਇਹ ਭਾਈ ਭਗਤ ਸਿੰਘ ਬੀ.ਏ.ਬੀ.ਟੀ. ਹੋਣ ਕਰਕੇ ਬਾਅਦ ਵਿਚ ਤੁਸਿਕੇ ਹੈਡਮਾਸਟਰ ਲਗ ਗਿਆ ਸੀ। ਸੋ ਪਿੰਡ ਖੱਖ ਵਿਖੇ ਭਾਈ ਰਣਧੀਰ ਸਿੰਘ ਜੀ ਦੇ ਗ੍ਰਿਹ ਵਿਖੇ ਸਮਾਗਮ ਹੋਇਆ। ਸ੍ਰੀ ਅਖੰਡ ਪਾਠ ਤੇ ਕੀਰਤਨ ਤੋਂ ਪਿਛੋਂ ਅੰਮ੍ਰਿਤ-ਸਿੰਚਾਰ ਹੋਇਆ, ਜਿਸ ਵਿਚ ਤਕਰੀਬਨ ਪੰਦਰ੍ਹਾਂ ਵੀਹ ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ।

**ਬੂਲੋ ਨੰਗਲ ਸਮਾਗਮ–**

ਸ੍ਰੀ ਬਾਊ ਜੀ ਦੇ ਵਡੇ ਸਾਂਢੂ ਸ: ਰਤਨ ਸਿੰਘ ਜੀ (ਬੀਬੀ ਨਿਹਾਲ ਕੌਰ ਦੀ ਵੱਡੀ ਭੈਣ ਦੇ ਪਤੀ) ਸ੍ਰੀ ਅੰਮ੍ਰਿਤਸਰ ਵਿਖੇ, ਬਾਊ ਜੀ ਨੂੰ ਮਿਲਣ ਆਏ ਤਾਂ ਬੇਨਤੀ ਕੀਤੀ ਕਿ ਹੁਣ ਤਾਂ ਆਪ ਜੀ ਪੈਨਸ਼ਨ ਤੇ ਆ ਗਏ ਹੋ, ਸੋ ਸਾਨੂੰ ਸਾਡੇ ਪਿੰਡ ਬੂਲੋ ਨੰਗਲ ਦਰਸ਼ਨ ਦੇਣ ਦੀ ਕਿਰਪਾ ਕਰੋ। ਬਾਊ ਜੀ ਕਹਿਣ ਲਗੇ, "ਸਾਡੀ ਮੁਸ਼ਕਲ ਦਾ ਹੱਲ ਢੂੰਡ ਦੇਵੋ, ਅਸੀਂ ਆਉਣ ਲਈ ਤਿਆਰ ਹਾਂ।" ਉਨ੍ਹਾਂ ਪੁਛਿਆ, "ਉਹ ਕੀ?" ਤਾਂ ਕਹਿਣ ਲਗੇ ਕਿ ਅਸੀਂ ਤਾਂ ਬਿਬੇਕ ਦਾ ਪਰਸ਼ਾਦ ਛਕਦੇ ਹਾਂ। ਜੇ ਇਹ ਛਕਾ ਸਕਦੇ ਹੋ ਤਾਂ ਅਸੀਂ ਆ ਜਾਵਾਂਗੇ। ਸ: ਰਤਨ ਸਿੰਘ ਜੀ ਨੇ ਉਥੇ ਹੀ ਬੇਨਤੀ ਕਰ ਦਿਤੀ ਕਿ ਆਪ ਜੀ ਸ੍ਰੀ ਅਖੰਡ ਪਾਠ ਸਮਾਗਮ ਤੇ ਅੰਮ੍ਰਿਤ-ਸਿੰਚਾਰ ਦਾ ਪਰਬੰਧ ਕਰਨ ਦੀ ਕਿਰਪਾ ਕਰੋ, ਅਸੀਂ ਤਾਂ ਅਗੇ ਹੀ ਆਪ ਨੂੰ ਉਡੀਕ ਰਹੇ ਸਾਂ। ਅਜ ਹੀ ਸਮਾਗਮ ਦੀ ਤਰੀਕ ਮਿਥ ਲਵੋ। ਸੋ ਉਸੇ ਵਕਤ ਦਿਨ ਨੀਅਤ ਕਰ ਲਿਆ। ਬਾਊ ਜੀ ਕੀਰਤਨੀਏ ਅਤੇ ਪਾਠੀ ਸਿੰਘਾਂ ਦੇ ਨਾਲ ਪਿੰਡ ਬੂਲੋ ਨੰਗਲ ਪੁਜ ਗਏ। ਇਨ੍ਹਾਂ ਸੱਜਣਾਂ ਵਿਚ ਬਾਊ ਜੀ ਦਾ ਇਕ ਪੁਰਾਣਾ ਗੁਰਮੁਖ ਮੇਲੀ ਭਾਈ ਅਰੂੜ ਸਿੰਘ ਅਲੋਵਾਲ ਵਾਲਾ ਵੀ ਪੁਜਾ ਹੋਇਆ ਸੀ। ਸ੍ਰੀ ਅਖੰਡਪਾਠ ਤੇ ਕੀਰਤਨ ਦੇ ਭੋਗ ਪੈਣ ਪਿਛੋਂ ਜਦੋਂ ਅੰਮ੍ਰਿਤ-ਸਿੰਚਾਰ ਲਈ ਪੰਜਾਂ ਪਿਆਰਿਆਂ ਦੀ ਚੋਣ ਹੋਈ ਤਾਂ ਉਸ ਦਾ ਨਾਮ ਨਾ ਆਇਆ। ਉਹ ਕੁਝ ਨਿਰਾਸ ਜਿਹਾ ਹੋ ਗਿਆ। ਬਾਊ ਜੀ ਉਸ ਨੂੰ ਕਹਿਣ ਲਗੇ ਕਿ ਪਹਿਲੇ ਆਪ ਦਾ ਜੀਵਨ ਬਹੁਤ ਅੱਛਾ ਸੀ ਤੇ ਅਸੀਂ ਸਾਰੇ ਆਪ ਨੂੰ ਪਿਆਰ ਕਰਦੇ ਸਾਂ, ਪਰ ਹੁਣ ਤੁਸੀਂ ਗੁਰਮਤਿ-ਅਸੂਲਾਂ ਤੇ ਪੂਰੇ ਨਹੀਂ ਉਤਰ ਰਹੇ। ਸੋ ਮਜਬੂਰੀ ਹੈ। ਉਸ ਨੇ ਪੁਛਿਆ ਕਿ ਕੀ ਘਾਟ ਹੈ? ਤਾਂ ਬਾਊ ਜੀ ਕਹਿਣ ਲਗੇ

[ਬਾਕੀ ਦੇਖੋ ਸਫ਼ਾ ੧੭ ਦੇ ਹੇਠ]



www.AKJ.Org

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

[ਸ: ਦਾਨ ਸਿੰਘ ਜੀ ਕੋਮਲ, ਬੰਬਈ ਵਾਲੇ, ਕੋਰਟ ਰੋਡ, ਪੱਟੀ]

ਗੁਰ ਅਰਜਨ ਪੰਜਵੇਂ ਪਾਤਸ਼ਾਹ, ਸਨ ਮਾਲਕ ਪੂਰਨ ਭਗਤੀ ਦੇ।
ਉਹ ਕਰ ਕੁਰਬਾਨੀ ਧਰਮ ਅੰਦਰ, ਸੀ 'ਬੀਜ' ਬੀਜ ਗਏ ਸ਼ਕਤੀ ਦੇ।
ਗੁਰ ਛੇਵੇਂ ਯੋਧੇ ਹਰਿਗੋਬਿੰਦ ਹੋਏ ਬਿਰਾਜਮਾਨ ਜਦ ਗੱਦੀ ਤੇ।
ਉਹ ਵਾਰਸ ਬਣ ਕੇ ਬੈਠ ਗਏ ਜਦ ਆਪਣੇ ਵਿਰਸੇ ਜੱਦੀ ਤੇ।
ਤਦ ਬਾਬਾ ਬੁੱਢਾ ਜੀ ਹਥੋਂ, ਉਨ੍ਹਾਂ ਪਹਿਨ ਲਈਆਂ ਤਲਵਾਰਾਂ ਦੋ।
ਤੇ ਮੀਰੀ ਪੀਰੀ ਮਿਲ ਗਈਆਂ, ਜਿਉਂ ਇਕ 'ਕੱਲਾ ਤੇ ਯਾਰ੍ਹਾਂ ਦੋ।
ਜੋ ਸਿਆਸਤ ਉਦੋਂ ਨਿਖੱਸਮੀ ਸੀ, ਤੇ ਜਿਹੜੀ ਉਦੋਂ ਅਭਾਗਣ ਸੀ।
ਲੜ ਧਰਮ ਦੇ ਲਾ ਕੇ ਸਤਿਗੁਰ ਨੇ ਉਹਨੂੰ ਕੀਤਾ ਆਪ ਸੁਹਾਗਣ ਸੀ।
ਸਿੱਖ ਸਾਧ ਸੰਤ ਸਭ ਆਣ ਜੁੜੇ, ਜਦ ਰਿਹਾ ਨਾ ਕੋਈ ਓਹਲੇ ਸੀ।
ਤਦ ਲਾ ਕੇ ਚੋਟ ਨਗਾਰੇ ਤੇ, ਗੁਰ ਹਰਿਗੋਬਿੰਦ ਇਉਂ ਬੋਲੇ ਸੀ:
"ਸਿੱਖੋ ! ਜੇ ਭੇਟਾ ਕਰਨੀ ਜੇ, ਤਾਂ ਚੰਗੇ ਸ਼ਸਤਰ ਭੇਟ ਕਰੋ।
ਅੱਜ ਤੁਸੀਂ ਜਵਾਨੀ ਭੇਟ ਕਰੋ, ਘੋੜੇ ਤੇ ਅਸਤਰ ਭੇਟ ਕਰੋ।
ਅੱਜ ਮੇਰੀ ਖੁਸ਼ੀ ਜੇ ਚਾਹੁੰਦੇ ਹੋ, ਤਾਂ ਚੰਗੇ ਘੋੜ-ਸਵਾਰ ਬਣੋ।
ਨਿੱਤ ਪਹਿਨੋ ਸ਼ਸਤਰ ਬਸਤਰ ਵੀ, ਤੇ ਚੰਗੇ ਸਿਪਾਹ-ਸਲਾਰ ਬਣੋ।
ਫੜ ਨੇਜ਼ੇ ਤੀਰਾਂ ਤੇਗਾਂ ਨੂੰ, ਜਾ ਜੰਗਲਾਂ ਵਿਚ ਸ਼ਿਕਾਰ ਕਰੋ।
ਕਰ ਕਸਰਤ, ਖੇਡੋ ਕੌਡੀ ਵੀ, ਤੁਸੀਂ ਚੰਗੇ ਜਿਸਮ ਤਿਆਰ ਕਰੋ।
ਨੇਜ਼ੇ-ਬਾਜ਼ੀ, ਜੰਗੀ ਖੇਡਾਂ ਸਿਖੋ ਜੰਗ ਦੇ ਢੰਗ ਓ ਸਿੱਖੋ।
ਤਨ ਮਨ ਵਿਚ ਸਮੋ ਲੋ ਸਾਰੇ ਸ਼ਕਤੀ ਦੇ ਸਭ ਰੰਗ ਓ ਸਿੱਖੋ।
ਅੰਗ ਅੰਗ ਮਜ਼ਬੂਤ ਬਣਾ ਕੇ, ਕਰ ਦਿਓ ਦੁਨੀਆ ਦੰਗ ਜਵਾਨੋ।
ਨਾਲ ਅਣਖ ਦੇ ਜੀਵੋ ਜਾਗੋ, ਇਹੋ ਸਮੇਂ ਦੀ ਮੰਗ ਜਵਾਨੋ।
ਸਿਰ ਸੋਹਣੇ ਦਸਤਾਰੇ ਬੰਨ੍ਹੋ, ਸਿਖੀ ਸ਼ਾਨ ਬਣਾ ਕੇ ਚੱਲੋ।
ਸੀਨੇ ਆਪਣੇ ਤਾਣ ਕੇ ਚੱਲੋ, ਧੌਣਾਂ ਨੂੰ ਅਕੜਾ ਕੇ ਚੱਲੋ।
ਜ਼ਾਲਮ ਕੋਈ ਤਲਵਾਰ ਜਾਂ ਚੁੱਕੇ, ਫੜਕਣ ਤੁਸਾਂ ਦੇ ਡੌਲੇ ਸਿੱਖੋ।
ਮਜ਼ਲੂਮਾਂ ਦਾ ਖ਼ੂਨ ਜਾਂ ਡੁਲ੍ਹੇ, ਖ਼ੂਨ ਤੁਹਾਡਾ ਖੌਲੇ ਸਿੱਖੋ।
ਕਮਜ਼ੋਰੀ ਇਕ ਬੜਾ ਗੁਨਾਹ ਹੈ, ਕਾਇਰਤਾ ਵੀ ਪਾਪ ਹੈ ਵੱਡਾ।
ਜ਼ੁਲਮ ਦੇ ਅੱਗੇ ਝੁਕਦੇ ਜਾਣਾ, ਸਮਝੋ ਇਕ ਸਰਾਪ ਹੈ ਵੱਡਾ।
ਕਮਜ਼ੋਰੀ ਤੇ ਕਾਇਰਤਾ ਨੂੰ, ਕਰਦਾ ਸਮਾਂ ਮੁਆਫ਼ ਨਹੀਂ ਏਂ।
ਜਦ ਤਕ ਮੀਰੀ ਨਾਲ ਨਾ ਪੀਰੀ, ਹੋ ਸਕਦਾ ਇਨਸਾਫ਼ ਨਹੀਂ ਏਂ।


www.AKJ.Org

ਜਦੋਂ ਤੀਕ ਇਹ ਸਿਤਮ ਨਹੀਂ ਰੁੱਕਦਾ, ਜਦੋਂ ਤੀਕ ਹੈ ਬਾਬਰਵਾਣੀ।
ਤੇਗ਼ ਜ਼ੁਲਮ ਦੀ ਬੰਦ ਕਰਨ ਲਈ ਤੁਸਾਂ ਵੀ ਹੈ ਤਲਵਾਰ ਉਠਾਣੀ।
ਇਸ ਲਈ ਜਿਹੜੀ ਜ਼ੁਲਮ ਨੂੰ ਸੋਧੇ, ਚਾਹੀਦੀ ਹੈ ਓਹੋ ਭਵਾਨੀ।
ਜਿਹੜੀ ਕੰਮ ਕੌਮ ਦੇ ਆਵੇ, ਚਾਹੀਦੀ ਏ ਓਹੋ ਜਵਾਨੀ।
ਜਦ ਤਕ ਤੁਹਾਨੂੰ ਡਰ ਮੌਤ ਦਾ, ਤਦ ਤੀਕਰ ਤੁਸੀਂ ਜੀ ਨਹੀਂ ਸਕਦੇ।
ਜੇਕਰ ਜ਼ਿੰਦਗੀ ਮਾਣ ਲਵੋ ਤਾਂ, ਫੇਰ ਤੁਸੀਂ ਕਰ ਕੀ ਨਹੀਂ ਸਕਦੇ?
ਮੌਤ ਨੂੰ ਜਦੋਂ ਵੰਗਾਰੋਗੇ, ਤਾਂ ਨੱਸ ਜਾਇਗੀ ਚਿੰਤਾ ਭਾਰੀ।
ਉੱਡ ਜਾਵੇਗਾ ਡਰ ਭਉ ਅੰਦਰੋਂ, ਮਰ ਜਾਇਗੀ ਮੌਤ ਨਕਾਰੀ।
ਅੱਗ ਦੇ ਕੁਝ ਚੰਗਿਆੜੇ ਮਿਲ ਕੇ, ਜੰਗਲ ਨੂੰ ਅੱਗ ਲਾ ਨੇ ਸਕਦੇ।
ਪਾਣੀ ਦੇ ਕੁਝ ਕਤਰੇ ਮਿਲ ਕੇ, ਹੜ੍ਹ ਦੀ ਸ਼ਕਲ ਬਣਾ ਨੇ ਸਕਦੇ।
ਤੁਸੀਂ ਤਾਂ ਹੋ ਇਨਸਾਨ ਉਚੇਰੇ, ਜੀਅ ਸਕਦੇ ਓ, ਮਰ ਸਕਦੇ ਓ।
ਬਣ ਕੇ ਕੌਮ ਦੇ ਤੁਸੀਂ ਸਿਪਾਹੀ, ਜੋ ਚਾਹੋ ਸੋ ਕਰ ਸਕਦੇ ਓ।
ਤੁਸੀਂ ਤਾਂ ਸਿੱਖ ਹੋ, ਦਿਲ ਜਿਨ੍ਹਾਂ ਦਾ, ਸਾੜਿਆ ਗਿਆ ਸੀ ਤਵੀ ਦੇ ਉਤੇ।
ਯਾਦ ਤੁਹਾਨੂੰ, ਜ਼ੁਲਮ ਜੋ ਹੋਇਆ, ਓਸ* ਮਹਾਨ-ਕਵੀ ਦੇ ਉਤੇ।
ਮੌਤ ਵਿਚ ਹੈ ਜੀਵਨ-ਪਦਵੀ, ਜੀਵਨ ਸਫਲਾ ਕਰਨਾ ਸਿੱਖੋ।
ਮਰਨ ਵਿਚ ਹੀ ਪਰਮ ਅਨੰਦ, ਹੈ, ਇਸ ਲਈ ਸਿਖੋ! ਮਰਨਾ ਸਿੱਖੋ।"
"ਕਵੀਓ! ਰੱਬੀ-ਦਾਤ ਹੈ ਕਵਿਤਾ, ਲਿਖਦੇ ਜਾਓ ਜੋਸ਼ੀਲੀਆਂ ਵਾਰਾਂ।
ਇੱਟਾਂ ਬਣ ਕੇ ਕੰਮ ਆਂਦੇ ਓ, ਕੌਮ ਦੀਆਂ ਜਦ ਬਣਨ ਦੀਵਾਰਾਂ।
ਰਚਦੇ ਹੋ ਜਦ ਸਮੇਂ ਦੀ ਕਵਿਤਾ, ਦਿੰਦੇ ਬਦਲ ਤੁਸੀਂ ਤਕਦੀਰਾਂ।
ਉੱਠ ਕੇ ਮੁਰਦੇ ਮਰਦ ਨੇ ਬਣਦੇ, ਫੜ ਲੈਂਦੇ ਨੇ ਹੱਥ ਸ਼ਮਸ਼ੀਰਾਂ।
ਪੜ੍ਹ ਕੇ ਸ਼ੇਅਰ ਪਰੇਰੋ ਏਦਾਂ, ਠੰਢੇ ਲਹੂ ਗਰਮਾਵਣ ਆਪੇ।
ਕਪੜੇ ਤਨੋਂ ਉਤਾਰਨ ਵਾਂਗੂੰ, ਖੱਲਾਂ ਲੋਕ ਲੁਹਾਵਣ ਆਪੇ।
ਕੁਚਲੀ ਹੋਈ ਏ ਕੌਮ ਤੁਹਾਡੀ, ਮਿੱਧਿਆ ਹੋਇਐ ਪੰਜਾਬ ਤੁਹਾਡਾ।
ਮੁੜ ਕੇ ਪੈਰਾਂ ਉਤੇ ਖੜ੍ਹ ਜਾਇ, ਮੁੜ ਕੇ ਆਏ ਸ਼ਬਾਬ ਤੁਹਾਡਾ।
ਸੁਣੋ ਢਾਡੀਓ! ਗਾਓ ਗੱਜ ਕੇ, ਤੁਸੀਂ ਵੀ ਬੀਰ-ਰਸ ਦੀਆਂ ਵਾਰਾਂ।
ਬੋਲ ਤੁਹਾਡੇ ਬਣਨ ਵੰਗਾਰਾਂ, ਸੁਰਾਂ ਤੇ ਸਾਜ਼ ਬਣਨ ਲਲਕਾਰਾਂ।
ਠੱਪ ਠੱਪ ਕਰ ਕੇ ਤੁਹਾਡੀਆਂ ਢੱਡਾਂ, ਸੁੱਤੀ ਕੌਮ ਨੂੰ ਟੁੰਬ ਜਗਾਵਣ।
ਸਾਰੰਗੀ ਤੇ ਗਜ ਤੇ ਘੁੰਗਰੂ, ਕੁਰਬਾਨੀ ਦਾ ਚਾਅ ਚੜ੍ਹਾਵਣ।
ਸ਼ਾਂਤੀ, ਸੇਵਾ, ਭਗਤਿ ਕਮਾਈ, ਭਗਤਾਂ ਬੇ-ਪਰਵਾਹਾਂ ਦੀ ਏ।
ਤਖਤ, ਕਿਲ੍ਹੇ ਤੇ ਝੰਡੇ, ਫੌਜਾਂ, ਇਹੋ ਨਿਸ਼ਾਨੀ ਸ਼ਾਹਾਂ ਦੀ ਏ।
ਕੱਲ੍ਹ ਦੇ ਜ਼ੁਲਮ ਨੂੰ ਠੱਲ੍ਹਿਆ 'ਅੱਜ' ਨੇ, ਅੱਜ ਨੂੰ ਚੰਗੀ ਭਲਕ ਮਿਲੇਗੀ।
ਖ਼ਲਕ ਜਦੋਂ ਬਣ ਜਾਊ ਸੰਗਤ, ਖ਼ਾਲਕ ਦੀ ਤਦ ਝਲਕ ਮਿਲੇਗੀ।"

---

*ਸ੍ਰੀ ਗੁਰੂ ਅਰਜਨ ਦੇਵ ਜੀ



www.AKJ.Org

ਏਦਾਂ ਸਤਿਗੁਰ ਹਰਿ ਗੋਬਿੰਦ ਨੇ, ਜਨਤਾ ਨੂੰ ਉਤਸ਼ਾਹ ਸੀ ਦਿੱਤਾ।
ਸਿੱਖਾਂ ਦੇ ਸਿਰ ਉਤੋਂ ਸਾਰਾ, ਡਰ ਭਉ ਉਹਨਾਂ ਲਾਹ ਸੀ ਦਿੱਤਾ।
ਬੱਸ ਫਿਰ ਕੀ ਸੀ ਗੁਰ-ਦਰਬਾਰੇ, ਹੋ ਗਏ ਸਿੱਖ ਜਵਾਨ ਜਮ੍ਹਾ ਸੀ।
ਆਏ ਕਈ ਹਥਿਆਰ ਤੇ ਘੋੜੇ, ਜੰਗ ਦੇ ਹੋਏ ਸਾਮਾਨ ਜਮ੍ਹਾ ਸੀ।
ਪੀਰੀ ਸੰਗ ਜਮ੍ਹਾ ਹੋਈ ਮੀਰੀ, ਜੋ ਸੀ ਗੁਰਾਂ ਨੇ ਚਾਹੀ ਓਦੋਂ।
ਯੋਗ 'ਚ ਰਾਜਾ, ਰਾਜ 'ਚ ਯੋਗੀ, ਸੰਤ ਵੀ ਬਣੇ ਸਿਪਾਹੀ ਓਦੋਂ।
ਭਗਤੀ ਨੂੰ ਜਾਂ ਸ਼ਕਤੀ ਮਿਲ ਗਈ, ਚੰਗਾ ਜੁੜਿਆ ਜੋੜ ਨਵਾਂ ਸੀ।
ਸ਼ਾਂਤੀ ਤੇ ਕੁਰਬਾਨੀ ਮਗਰੋਂ, ਰਾਹ ਓਹੋ, ਪਰ ਮੋੜ ਨਵਾਂ ਸੀ।
ਨਾਲ ਸ਼ਾਂਤਮਈ ਜੁੜੀ ਬੀਰਤਾ, ਮਾਲਾ ਤੇ ਤਲਵਾਰ ਜੁੜੀ ਸੀ।
ਏਦਾਂ ਧਰਮ ਦੇ ਨਾਲ ਸਿਆਸਤ, ਆ ਕੇ ਪਹਿਲੀ ਵਾਰ ਜੁੜੀ ਸੀ।
ਜਾਂ ਲੱਗੀ ਚੋਟ ਨਗਾਰੇ ਤੇ, ਜਾ ਧਮਕ ਪਈ ਵਿਚ ਦਿੱਲੀ ਸੀ।
ਜਦ ਝੰਡਾ ਉੱਚਾ ਲਹਿਰਾਇਆ, ਤਾਂ ਕੁੱਲ ਹਕੂਮਤ ਹਿੱਲੀ ਸੀ।
ਰਚਿਆ "ਤਖ਼ਤ ਅਕਾਲ" ਵੇਖ ਕੇ, ਮੁਗ਼ਲ ਮੀਰ ਸੀ ਕੰਬ ਗਿਆ।
ਸ਼ਕਤੀ ਵੇਖ ਕੇ ਹਰਿ ਗੋਬਿੰਦ ਦੀ, ਜਹਾਂਗੀਰ ਸੀ ਕੰਬ ਗਿਆ।
'ਕੋਮਲ' ਧਰਮ ਦੇ ਨਾਲ ਸਿਆਸਤ, ਚਲਦੀ ਰਹੀ ਏ, ਚਲਦੀ ਰਹੇਗੀ।
ਸਿੱਖੀ ਦੀ ਫੁਲਵਾੜੀ ਹਰ ਦਮ, ਫਲਦੀ ਰਹੀ ਏ, ਫਲਦੀ ਰਹੇਗੀ।

[ਛਪ ਰਹੀ ਪੁਸਤਕ "ਰਤੇ ਇਸ਼ਕ ਖੁਦਾਇ" ਵਿਚੋਂ

---

(ਸਫਾ ੧੪ ਦੀ ਬਾਕੀ)

ਕਿ ਇਥੇ ਅੰਮ੍ਰਿਤ-ਸਮਾਗਮ ਵਿਚ ਪੰਜਾਂ ਪਿਆਰਿਆਂ ਦੇ ਪੇਸ਼ ਹੋ ਜਾਓ, ਸੋਧ-ਸੁਧਾਈ ਹੋ ਜਾਵੇਗੀ। ਉਹ ਪੰਜਾਂ ਦੇ ਪੇਸ਼ ਹੋ ਗਿਆ। ਉਸ ਨੂੰ ਉਸ ਦੀ ਭੁਲ ਦਸੀ ਗਈ, ਜੋ ਉਹ ਮੰਨ ਗਿਆ। ਤਨਖ਼ਾਹ ਲਗਾ ਕੇ ਉਸ ਨੂੰ ਬਾਹਰ ਕੱਢ ਦਿਤਾ ਗਿਆ ਤੇ ਫਿਰ ਅੰਮ੍ਰਿਤ-ਅਭਿਲਾਖੀਆਂ ਨੂੰ ਅੰਮ੍ਰਿਤ ਦੀ ਬਖਸ਼ਿਸ਼ ਹੋਈ। ਇਸ ਸਮਾਗਮ ਪਿਛੋਂ ਬਾਊ ਜੀ ਨੇ ਆਪਣੇ ਸਾਂਢੂ ਦੇ ਘਰ ਬੈਠ ਕੇ ਬੀਬੀ ਨਿਹਾਲ ਕੌਰ ਦੀ ਵਡੀ ਭੈਣ ਦੇ ਹਥੋਂ ਲੰਗਰ ਪ੍ਰਸ਼ਾਦ ਛਕਿਆ ਅਤੇ ਫਿਰ ਉਥੋਂ ਵਿਦਾਇਗੀ ਲਈ।

## ਅਖੰਡਪਾਠਾਂ ਦੇ ਪ੍ਰਵਾਹ ਲਈ ਧੁਨਕਾਰੀ ਹੁਕਮ–

ਭਾਈ ਸਾਹਿਬ ਰਣਧੀਰ ਸਿੰਘ ਜੀ ਜਦੋਂ ਐਬਟਾਬਾਦ ਤੋਂ ਪਿੰਡ ਨਾਰੰਗਵਾਲ ਨੂੰ ਵਾਪਸ ਤੁਰਨ ਲਗੇ ਤਾਂ ਇਲਾਹੀ ਧੁਨਿ ਵਿਚ ਇਨ੍ਹਾਂ ਨੂੰ ਦਾਤਾ ਜੀ ਦਾ ਹੁਕਮ ਸੁਣਾਈ ਦਿਤਾ ਸੀ, "ਅਖੰਡਪਾਠਾਂ ਦੇ ਪ੍ਰਵਾਹ ਹੁਣ ਬਹੁਤ ਚਲਣਗੇ, ਜਾਓ ਰਜ ਰਜ ਕੇ ਅੰਮ੍ਰਿਤ ਭੁੰਚੋ ਤੇ ਰਲ ਮਿਲ ਕੇ ਪਿਉ ਦਾਦੇ ਦੇ ਅਤੁਟ ਖਜ਼ਾਨੇ ਵਿਚੋਂ ਖਾਵਹੁ ਤੇ ਖਰਚੋ।" ਸਾਰਾ ਜੀਵਨ ਉਨ੍ਹਾਂ ਨੇ ਇਸ ਬਖ਼ਸ਼ੀ ਦਾਤ ਦਾ ਅਨੰਦ ਮਾਣਿਆ। ਸਿਰਫ ਜੇਲ੍ਹ-ਯਾਤਰਾ ਦੀ ਮਜਬੂਰੀ ਗ਼ੈਰ-ਹਾਜ਼ਰੀ ਵਿਚ, ਭਾਈ ਸਾਹਿਬ ਜੀ ਇਨ੍ਹਾਂ ਸਮਾਗਮਾਂ ਵਿਚ ਸਰੀਰ ਕਰਕੇ ਹਾਜ਼ਰੀਆਂ ਨਾ ਭਰ ਸਕੇ। ਪਰ ਆਪ ਜੀ ਦੇ "ਪੂਰਬ ਜਨਮ ਕੇ ਮਿਲੇ ਸੰਜੋਗੀ" ਸ੍ਰੀ ਬਾਊ ਜੀ ਨੇ, ਇਸ ਇਲਾਹੀ ਅਸੀਸ ਅਨੁਸਾਰ, ਇਹ ਸੇਵਾ ਸੰਭਾਲ ਕੇ ਦਾਤਾ ਜੀ ਦੀਆਂ ਖੁਸ਼ੀਆਂ ਮਾਣੀਆਂ ਅਤੇ ਪੰਥ ਦੀ ਸੇਵਾ ਵਿਚ ਹਿੱਸਾ ਪਾਇਆ।

(ਚਲਦਾ)



www.AKJ.Org

# ਸਿੱਖ ਕੌਮ ਦਾ ਸ਼ਾਨਦਾਰ ਵਿਰਸਾ

## ਅਤੇ

# ਅਰੁਨ ਸ਼ੋਰੀ

[ਵਲੋਂ—ਸ: ਦੇਵਿੰਦਰ ਸਿੰਘ ਜੀ ਦੁੱਗਲ, ਅੰਮ੍ਰਿਤਸਰ]

## ਨੋਟ–

੧੩, ੧੪, ੧੫ ਮਈ ੧੯੮੨ ਦੇ "ਇੰਡੀਅਨ ਐਕਸਪ੍ਰੈਸ" ਅਖ਼ਬਾਰ ਵਿਚ ਅਰੁਨ ਸ਼ੋਰੀ ਨੇ ਲੇਖ-ਲੜੀ ਛਾਪੀ, ਜਿਸ ਦੁਆਰਾ ਉਸ ਨੇ ਸਮੁੱਚੀ ਸਿਖ ਕੌਮ ਉਤੇ ਕਈ ਦੂਸ਼ਣ ਲਾਏ ਅਤੇ ਉਟੰਕਣ ਕੀਤੇ। ਪ੍ਰੈਸ ਦੀ ਅਜ਼ਾਦੀ ਦਾ ਇਹ ਮਤਲਬ ਹਰਗਿਜ਼ ਨਹੀਂ ਕਿ ਬਹੁਗਿਣਤੀ ਦੇ ਕੁਝ ਫ਼ਿਰਕਾ-ਪ੍ਰਸਤ ਸਿਰ-ਫਿਰੇ ਵਿਅਕਤੀ ਘਟ-ਗਿਣਤੀ ਤੇ ਏਸ ਤਰ੍ਹਾਂ ਵਾ-ਹਯਾਤ ਹਮਲੇ ਕਰਨ।

ਇਸ ਸੰਬੰਧ ਵਿਚ 'ਗੁਰਮਤਿ ਪ੍ਰਕਾਸ਼' ਅੰਮ੍ਰਿਤਸਰ ਦਾ ਐਡੀਟਰ ਜੁਲਾਈ ੮੨ ਦੇ ਪਰਚੇ ਵਿਚ ਪੰਨਾ ੭ ਤੇ ਲਿਖਦਾ ਹੈ—

> "ਸੋ ਇਹ ਤਾਂ ਸਰਕਾਰ ਦੇ ਕੁਝ ਫਰਜ਼ ਬਣਦੇ ਸਨ ਕਿ ਅਜਿਹੇ ਮੰਦਭਾਵੀ ਅਨਸਰਾਂ ਦਾ ਗੰਭੀਰਤਾ ਨਾਲ ਨੋਟਿਸ ਲੈ ਕੇ ਇਹਨਾਂ ਦੀਆਂ ਐਸੀਆਂ ਸ਼ਰਾਰਤ ਭਰੀਆਂ ਗੱਲਾਂ ਤੇ ਸ਼ੁਰੂ ਤੋਂ ਹੀ ਅੱਖ ਰਖਦੀ। ਪਰ ਕਿਹੜੀ ਸਰਕਾਰ ? ਜਿਸ ਨੇ ਰਾਜ ਭਾਗ ਸੰਭਾਲਦਿਆਂ ਹੀ ਸਿਖਾਂ ਨੂੰ 'ਜਰਾਇਮ-ਪੇਸ਼ਾ' ਹੋਣ ਦਾ ਖ਼ਿਤਾਬ ਦਿਤਾ ਸੀ। ਨਾਲੇ ਗਣਤੰਤਰੀ ਵਿਧਾਨ ਅਨੁਸਾਰ ਵੋਟਾਂ ਦੇ ਰਾਜ ਵਿਚ ਕੋਈ ਬਹੁਗਿਣਤੀ ਨੂੰ ਕਿਵੇਂ ਨਰਾਜ਼ ਕਰੇ......ਅੱਜ ਹੀ ਦੇਖ ਲਵੋ, ਸਿੱਖੀ ਰਹਿਤ-ਬਹਿਤ ਵਿਚ ਪਰਪੱਕ ਹਰ ਗੁਰਸਿਖ ਨੂੰ ਤਾਂ ਸ਼ੱਕੀ ਨਜ਼ਰਾਂ ਨਾਲ ਦੇਖਿਆ ਜਾ ਰਿਹਾ ਹੈ, ਉਸ ਉਪਰ ਅਤਿਵਾਦੀ ਜਾਂ ਫਿਰਕੂ ਹੋਣ ਦਾ ਇਲਜ਼ਾਮ ਲਾ ਕੇ ਕਾਲ-ਕੋਠੜੀਆਂ ਵਿਚ ਸੁਟਿਆ ਜਾ ਰਿਹਾ ਹੈ, ਪੁਲਸ-ਮੁਕਾਬਲੇ ਬਣਾ ਕੇ ਸ਼ਹੀਦ ਕੀਤਾ ਜਾ ਰਿਹਾ,......ਪਰ ਅਨੇਕਾਂ 'ਸ਼ੋਰੀ' ਜੋ ਅਜਿਹੇ ਲੇਖ ਲਿਖ ਲਿਖ ਕੇ ਪੰਜਾਬ ਦੇ ਮਾਹੌਲ ਵਿਚ ਜ਼ਹਿਰ ਘੋਲ ਰਹੇ ਹਨ, ਪ੍ਰੈਸ ਦੀ ਅਜ਼ਾਦ-ਖ਼ਿਆਲੀ ਦੇ ਢਕੌਂਸਲੇ ਥਲੇ ਬੇਪਰਵਾਹ ਹਨ।

ਅਰੁਨ ਸ਼ੋਰੀ ਦੀਆਂ ਗ਼ਲਤ-ਬਿਆਨੀਆਂ ਦਾ ਜੇ ਭਾਂਡਾ ਨਾ ਫੋੜਿਆ ਜਾਵੇ ਤਾਂ ਇਸ ਦਾ ਅਸਿਧੇ ਤੌਰ ਤੇ ਇਹ ਮਤਲਬ ਲਿਆ ਜਾ ਸਕਦਾ ਹੈ ਕਿ ਸਿਖ ਕੌਮ ਇਨ੍ਹਾਂ ਦੂਸ਼ਨਾਂ ਨੂੰ ਸਵੀਕਾਰ ਕਰਦੀ ਹੈ। ਸੋ ਅਸਲੀਅਤ ਨੂੰ ਨਿਖਾਰਨ ਲਈ ਸ: ਦੇਵਿੰਦਰ ਸਿੰਘ ਜੀ ਦੁੱਗਲ ਇਨਚਾਰਜ ਸਿਖ ਇਤਿਹਾਸ ਰੀਸਰਚ ਬੋਰਡ ਨੂੰ ਇਤਿਹਾਸਕ ਤੱਥਾਂ ਦੇ ਅਧਾਰ ਤੇ ਸ਼ੋਰੀ ਦੇ ਲੇਖ ਦਾ ਉਤਰ ਦੇਣਾ ਪਿਆ, ਜੋ ਵਖ ਵਖ ਅਖ਼ਬਾਰਾਂ ਵਿਚ ਵੀ ਛਪਿਆ ਹੈ ਅਤੇ ਕਿਤਾਬਚੇ ਦੇ ਰੂਪ ਵਿਚ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਾਪਿਆ ਗਿਆ ਹੈ। 'ਸੂਰਾ' ਦੇ ਪਾਠਕਾਂ ਦੀ ਜਾਣਕਾਰੀ ਲਈ ਅਸੀਂ ਦੁੱਗਲ ਜੀ ਦਾ ਉਤਰ ਛਾਪ ਰਹੇ ਹਾਂ। —ਸੰਪਾਦਕ]

---

ਅਰੁਨ ਸ਼ੋਰੀ ਨੇ ੧੩, ੧੪, ੧੫ ਮਈ ੧੯੮੨ ਦੇ 'ਇੰਡੀਅਨ ਐਕਸਪ੍ਰੈਸ' ਵਿਚ ਛਪੀ ਆਪਣੀ "ਪਾਲਟਿਕਸ ਆਫ ਪੈਨਡਰਿੰਗ" ਨਾਮ ਦੀ ਲੇਖ-ਲੜੀ ਵਿਚ ਪੰਜਾਬ ਦੀ ਵਰਤਮਾਨ ਸਥਿਤੀ ਦਾ ਅਧਿਐਨ ਕਰਨ ਦਾ ਜੋ ਯਤਨ ਕੀਤਾ ਹੈ ਉਹ ਇਤਨਾ ਪਕਸ਼ਪਾਤੀ, ਫਿਰਕੂ ਅਤੇ ਸਿੱਖ ਕੌਮ ਪ੍ਰਤੀ ਮੰਦ-ਭਾਵਨਾਵਾਂ ਨਾਲ ਲੱਦਿਆ ਹੋਇਆ ਹੈ, ਕਿ ਉਸ ਨੂੰ ਪੜ੍ਹਨ ਉਪ੍ਰੰਤ ਇੰਜ ਜਾਪਣ ਲੱਗ ਜਾਂਦਾ ਹੈ, ਜਿਵੇਂ ਇਸ ਕਾਲਮ-ਨਵੀਸ ਅੰਦਰ ਔਰੰਗਜ਼ੇਬ ਦੀ ਰੂਹ ਨੇ ਪੁਨਰ ਜਨਮ ਲੈ ਲਿਆ ਹੋਵੇ। ਉਸ ਨੇ ਇਕ ਸੋਚੀ ਸਮਝੀ ਸਾਜ਼ਸ਼ ਅਧੀਨ ਜਾਣ ਬੁਝ ਕੇ ਮਹਾਨ ਸਿੱਖ ਸਿਧਾਂਤਾਂ, ਸਿੱਖ ਰਵਾਇਤਾਂ ਅਤੇ ਸਿੱਖ ਇਤਿਹਾਸ ਨੂੰ ਤੋੜ ਮਰੋੜ ਅਤੇ ਵਿਗਾੜ ਕੇ ਇੰਜ ਪੇਸ਼ ਕਰਨ ਦੀ ਕੋਝੀ ਕੋਸ਼ਿਸ਼ ਕੀਤੀ ਹੈ, ਜਿਸ ਦੁਆਰਾ ਇਹ ਸਿੱਧ ਕੀਤਾ ਜਾ ਸਕੇ ਕਿ ਸਿੱਖ



www.AKJ.Org

ਕੌਮ ਦੇ ਸਿਧਾਂਤ ਐਵੇਂ ਫੋਕੇ ਹੀ ਹਨ ਅਤੇ ਇਹ ਹਮੇਸ਼ਾਂ ਤੋਂ ਹੀ ਫਸਾਦੀ ਅਤੇ ਦੇਸ਼-ਧਰੋਹੀ ਰਹੀ ਹੈ। ਉਸ ਦੇ ਕਹਿਣ ਮੁਤਾਬਿਕ, ਜਦ ਤਕ ਇਸ ਕੌਮ ਨਾਲ ਸਖ਼ਤੀ ਨਾਲ ਨਿਪਟਿਆ ਨਹੀਂ ਜਾਂਦਾ, ਇਸ ਨੂੰ ਨੱਥ ਪਾ ਕੇ ਚੰਗੀ ਤਰ੍ਹਾਂ ਜੂੜਿਆ ਨਹੀਂ ਜਾਂਦਾ, ਉਤਨੀ ਦੇਰ ਤਕ ਇਸ ਮੁਲਕ ਅੰਦਰ ਅਮਨ-ਚੈਨ ਨਹੀਂ ਹੋ ਸਕਦਾ।

ਸਿੱਖ ਕੌਮ ਨੇ ਆਪਣੀਆਂ ਸ਼ਾਨਦਾਰ ਅਤੇ ਉੱਚੀਆਂ ਸੁੱਚੀਆਂ ਰਵਾਇਤਾਂ ਅਨੁਸਾਰ ਆਪਣੇ ਪ੍ਰਤੀ ਇਸ ਘਨਾਉਣੇ ਹਮਲੇ ਅਤੇ ਚਨੌਤੀ ਨੂੰ ਜਿਸ ਧੀਰਜ, ਸਾਹਸ ਅਤੇ ਠਰੰਮੇ ਨਾਲ ਬਰਦਾਸ਼ ਕੀਤਾ ਹੈ, ਉਸ ਦੁਆਰਾ ਜਿਥੇ ਇਸ ਕੌਮ ਦੀ ਸ਼ਾਖ ਵਿਚ ਵਾਧਾ ਹੋਇਆ ਹੈ ਉਥੇ ਅਰੁਨ ਸ਼ੋਰੀ ਵਰਗੇ ਅਨਸਰ, ਜੋ ਧਰਮ, ਨਿਰਪਖਸ਼ਤਾ ਅਤੇ ਰਾਸ਼ਟਰੀ ਏਕਤਾ ਦਾ ਬੁਰ੍ਹਕਾ ਪਾਈ ਫਿਰਦੇ ਸਨ, ਉਹ ਅੱਜ ਪੂਰੀ ਤਰ੍ਹਾਂ ਬੇ-ਨਕਾਬ ਹੋ ਚੁਕੇ ਸਨ।

ਕੋਰਾ ਝੂਠ ਅਤੇ ਮਨ-ਘੜਤ ਕਹਾਣੀਆਂ ਦਾ ਪਲੰਦਾ ਹੋਣ ਕਾਰਨ ਅਰੁਨ ਸ਼ੋਰੀ ਦੇ ਇਹ ਲੇਖ ਇਸ ਕਾਬਲ ਹੈ ਤਾਂ ਨਹੀਂ ਕਿ ਇਹਨਾਂ ਦਾ ਕੋਈ ਗੰਭੀਰ ਨੋਟਿਸ ਲਿਆ ਜਾਵੇ, ਪਰੰਤੂ ਫਿਰ ਭੀ ਸਿੱਖ ਕੌਮ ਦੀਆਂ ਸ਼ਾਨਦਾਰ ਅਤੇ ਬੇ-ਮਿਸਾਲ ਰਵਾਇਤਾਂ ਨੂੰ ਇਕ ਵਾਰੀ ਫਿਰ ਠੀਕ ਪ੍ਰਸੰਗ ਵਿਚ ਪੇਸ਼ ਕਰਨਾ ਜ਼ਰੂਰੀ ਸਮਝਿਆ ਗਿਆ ਹੈ, ਤਾਂ ਜੁ ਇਸ ਨਾਲ ਸੰਬੰਧਤ ਪੱਕੀਆਂ ਪੀਡੀਆਂ ਇਤਿਹਾਸਕ ਸਚਿਆਈਆਂ ਨੂੰ ਧੁੰਦਲਾਉਣ ਅਤੇ ਗੰਦਲਾਉਣ ਦੇ ਯਤਨਾਂ ਨੂੰ ਪੂਰੀ ਤਰ੍ਹਾਂ ਬੇ-ਨਕਾਬ ਕਰ ਕੇ ਉਹਨਾਂ ਲੋਕਾਂ ਦੇ ਸਾਹਮਣੇ ਪੇਸ਼ ਕੀਤਾ ਜਾ ਸਕੇ ਜੋ ਅਗਿਆਨਤਾ ਕਾਰਨ ਕਿਸੇ ਸ਼ੱਕ ਸੁਬ੍ਹੇ ਜਾਂ ਭੁਲ ਭੁਲੇਖੇ ਦਾ ਸ਼ਿਕਾਰ ਹੋ ਗਏ ਹੋਣ। ਇਹ ਇਤਿਹਾਸਕ ਸਚਿਆਈਆਂ ਅਰੁਨ ਸ਼ੋਰੀ ਅਤੇ ਉਸ ਦੇ ਕਬੀਲੇ ਲਈ ਕੌੜੀਆਂ ਅਤੇ ਅਨ-ਸੁਖਾਵੀਆਂ ਵੀ ਹੋ ਸਕਦੀਆਂ ਹਨ; ਪਰੰਤੂ ਸੱਚ ਹਮੇਸ਼ਾ ਕੌੜਾ ਹੀ ਹੁੰਦਾ ਹੈ।

ਨਿਰਾਦ ਚੌਧਰੀ ਅਨੁਸਾਰ (ਜੋ ਆਪ ਵੀ ਇਕ ਹਿੰਦੂ ਹੈ) ਭਾਰਤ ਵਰਸ਼ ਵਿਚ ਵਰਤਮਾਨ ਬੇ-ਚੈਨੀ ਅਤੇ ਫਿਰਕੂ ਦੰਗਿਆਂ ਅਤੇ ਮੰਦ-ਭਾਵਨਾਵਾਂ ਦਾ ਮੂਲ ਕਾਰਨ ਹਿੰਦੂਆਂ ਦਾ ਦੇਸ਼ ਦੀਆਂ ਦੂਜੀਆਂ ਘੱਟ-ਗਿਣਤੀ-ਕੌਮਾਂ ਪ੍ਰਤੀ ਉਹ ਆਕਰਮਣਕਾਰੀ ਅਤੇ ਬਦਲਾ-ਲਊ ਵਤੀਰਾ ਹੈ, ਜੋ ਉਹਨਾਂ ਨੇ ਸੈਂਕੜੇ ਸਾਲਾਂ ਦੀ ਲੰਮੀ ਗੁਲਾਮੀ ਤੋਂ ਬਾਅਦ ਰਾਜ-ਸੱਤਾ ਸਹਿਜੇ ਹੀ ਮਿਲ ਜਾਣ ਕਾਰਨ ਅਪਣਾ ਲਿਆ ਹੈ। ਜਿਸ ਢੀਠਤਾਈ ਸਾਹ-ਸੱਤ-ਹੀਣਤਾ ਅਤੇ ਲੱਜਾ ਰਹਿਤ ਤਰੀਕੇ ਨਾਲ ਹਿੰਦੂ ਹਜ਼ਾਰਾਂ ਸਾਲ ਤਕ ਗੁਲਾਮੀ ਦੀ ਹਾਲਤ ਵਿਚ ਅਤਿ ਦਰਜੇ ਦੇ ਜ਼ੁਲਮ ਅਤੇ ਜ਼ਿੱਲਤ ਬਰਦਾਸ਼ਤ ਕਰਦੇ ਰਹੇ ਸਨ, ਉਹਨਾਂ ਦਾ ਵਰਤਮਾਨ ਆਕਰਮਣਕਾਰੀ ਵਤੀਰਾ ਉਸ ਦੇ ਬਿਲਕੁਲ ਵਿਪਰੀਤ ਹੈ ਅਤੇ ਉਹਨਾਂ ਦੀ ਬਦਲਾ-ਲਊ ਭਾਵਨਾਵਾਂ ਦਾ ਪ੍ਰਤੀਕ ਵੀ।

ਹਜ਼ਾਰਾਂ ਸਾਲਾਂ ਦੀ ਗੁਲਾਮੀ ਦੇ ਦੌਰਾਨ ਇਸ ਕੌਮ ਨਾਲ ਜਿਸ ਪ੍ਰਕਾਰ ਦਾ ਸਲੂਕ ਹੁੰਦਾ ਰਿਹਾ ਹੈ, ਉਸ ਦਾ ਕੁਝ ਇਸ਼ਾਰਾ ਚੌਧਵੀਂ ਸਦੀ ਦੇ ਮੁਸਲਿਮ ਹਾਕਮ ਅਲਾਉ-ਉ-ਦੀਨ ਨੂੰ ਆਪਣੇ ਕਾਜ਼ੀ ਵਲੋਂ ਆਪਣੇ ਮਿਲੇ ਇਸ ਸਵਾਲ ਦੇ ਜੁਆਬ ਵਿਚੋਂ ਮਿਲਦਾ ਹੈ ਕਿ "ਸ਼ਰੀਅਤ ਮੁਤਾਬਿਕ ਮੁਸਲਮਾਨਾਂ ਨੂੰ ਹਿੰਦੂਆਂ ਨਾਲ ਕਿਹੋ ਜਿਹਾ ਸਲੂਕ ਕਰਨਾ ਚਾਹੀਦਾ ਹੈ?"

ਕਾਜ਼ੀ ਦਾ ਜਵਾਬ ਸੀ ਕਿ 'ਹਿੰਦੂ ਬਿਲਕੁਲ ਮਿੱਟੀ-ਸਮਾਨ ਹਨ, ਜੇ ਮੁਸਲਮਾਨ ਇਸ ਮਿੱਟੀ ਕੋਲੋਂ ਚਾਂਦੀ ਮੰਗਣ ਤਾਂ ਇਸ ਨੂੰ ਨਿੰਮਰਤਾ ਸਹਿਤ ਸੋਨਾ ਉਗਲਣਾ ਚਾਹੀਦਾ ਹੈ, ਅਤੇ ਜੇ ਕੋਈ ਮੁਸਲਮਾਨ ਕਿਸੇ ਹਿੰਦੂ ਦੇ ਮੂੰਹ ਵਿਚ ਥੁਕਣਾ ਚਾਹੇ ਤਾਂ ਹਿੰਦੂ ਦਾ ਫ਼ਰਜ਼ ਹੈ ਕਿ ਉਹ ਆਪਣਾ ਮੂੰਹ ਚੰਗੀ ਤਰ੍ਹਾਂ ਖੋਲ੍ਹੇ ਤਾਂ ਜੁ ਮੁਸਲਮਾਨ ਆਸਾਨੀ ਨਾਲ ਉਸ ਵਿਚ ਥੁਕ ਸਕੇ। ਅੱਲ੍ਹਾ ਤਾਲਾ ਨੇ ਹਿੰਦੂਆਂ ਨੂੰ ਮੁਸਲਮਾਨਾਂ ਦੇ ਗੁਲਾਮਾਂ ਵਜੋਂ ਬਣਾਇਆ ਹੈ ਅਤੇ ਉਸ ਦਾ ਫ਼ੁਰਮਾਨ ਹੈ ਕਿ ਜੇ ਹਿੰਦੂ ਆਪਣੇ ਆਪ ਇਸਲਾਮ ਕਬੂਲ ਨਾ ਕਰੇ ਤਾਂ ਇਸ ਨੂੰ ਬੰਦੀ ਬਣਾ ਕੇ ਤਸੀਹੇ ਦਿਤੇ ਜਾਣ ਅਤੇ ਅੰਤ ਨੂੰ ਮਾਰ ਦਿਤਾ ਜਾਵੇ।" ਇਹ ਜਵਾਬ ਸੁਣ ਕੇ ਅਲਾਉ-ਉ-ਦੀਨ ਮੁਸਕਰਾ ਪਿਆ ਅਤੇ ਕਹਿਣ ਲੱਗਾ 'ਫਿਰ ਤਾਂ ਠੀਕ ਹੈ' ਕਿਉਂਕਿ ਮੈਂ ਤਾਂ ਪਹਿਲਾਂ ਹੀ ਅਜਿਹਾ ਕਰ ਰਿਹਾ ਹਾਂ।



www.AKJ.Org

ਹਿੰਦੂਆਂ ਨਾਲ ਇਸ ਕਿਸਮ ਦਾ ਸਲੂਕ ਕੇਵਲ ਅਲਾਉ-ਉ-ਦੀਨ ਦੇ ਰਾਜ-ਕਾਲ ਤਕ ਹੀ ਸੀਮਤ ਨਹੀਂ ਸੀ, ਸਗੋਂ ਇਹਨਾਂ ਨਾਲ ਇਸ ਤੋਂ ਵੀ ਵਧ ਵਧੀਕੀਆਂ ਇਕ ਹਜ਼ਾਰ ਸਾਲ ਤੋਂ ਵੀ ਉਪਰ ਸਮੇਂ ਤਕ ਤਕਰੀਬਨ ਲਗਾਤਾਰ ਹੀ ਹੁੰਦੀਆਂ ਰਹੀਆਂ ਸਨ। ਮਿਸਾਲ ਵਜੋਂ ਪੰਦਰ੍ਹਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਦਿੱਲੀ ਦੇ ਬਾਦਸ਼ਾਹ ਸਿਕੰਦਰ ਲੋਧੀ ਬਾਰੇ ਤਾਰੀਖ਼-ਏ-ਦਾਊਦੀ ਦਾ ਰਚੇਤਾ ਲਿਖਦਾ ਹੈ ਕਿ–

"ਉਸ ਨੇ ਮਥੁਰਾ ਦੇ ਹਿੰਦੂ ਮੰਦਰਾਂ ਨੂੰ ਢਾਹ ਢੇਰੀ ਕਰ ਕੇ ਕਾਫਰਾਂ ਦੇ ਇਸ ਵੱਡੇ ਗੜ੍ਹ ਨੂੰ ਮਿੱਟੀ ਵਿਚ ਮਿਲਾ ਦਿਤਾ ਸੀ ਅਤੇ ਉਸ ਨੇ ਮੰਦਰਾਂ ਦੀਆਂ ਪੱਥਰਾਂ ਦੀਆਂ ਮੂਰਤੀਆਂ ਨੂੰ ਕਸਾਈਆਂ ਦੇ ਹਵਾਲੇ ਕਰ ਦਿੱਤਾ ਸੀ ਤਾਂਕਿ ਉਹ ਉਹਨਾਂ ਨੂੰ ਮੀਟ ਤੋਲਣ ਲਈ ਤੋਲ ਵੱਟਿਆਂ ਦੇ ਤੌਰ ਤੇ ਇਸਤੇਮਾਲ ਕਰ ਸਕਣ। ਇਸੇ ਤਰ੍ਹਾਂ ਉਸ ਨੇ ਨਗਰ ਕੋਟ ਅਤੇ ਜਵਾਲਾ ਮੁਖੀ ਦੇ ਮੰਦਰਾਂ ਦੀਆਂ ਮੂਰਤੀਆਂ ਨੂੰ ਵੀ ਤੋੜ ਕੇ ਕਸਾਈਆਂ ਦੇ ਹਵਾਲੇ ਕਰ ਦਿੱਤਾ ਸੀ। ਉਸ ਨੇ ਹਿੰਦੂਆ ਦੀ ਹਜਾਮਤ ਕਰਨ ਦੀ ਮਨਾਹੀ ਦੇ ਹੁਕਮ ਦੇ ਰਖੇ ਸਨ, ਜਿਸ ਕਾਰਨ ਕੋਈ ਵੀ ਨਾਈ ਉਹਨਾਂ ਦੀ ਹਜਾਮਤ ਕਰਨ ਲਈ ਤਿਆਰ ਨਹੀਂ ਸੀ।"

ਇਸ ਸੰਬੰਧ ਵਿਚ ਅਕਬਰ ਦੇ ਰਾਜ-ਕਾਲ ਨੂੰ ਮੁਕਾਬਲਤਨ ਨਰਮ ਅਤੇ ਸਦਭਾਵਨਾ ਵਾਲਾ ਸਮਝਿਆ ਜਾਂਦਾ ਹੈ। ਪਰੰਤੂ, ਪ੍ਰਸਿੱਧ ਇਤਿਹਾਸਕਾਰ ਸ੍ਰੀ ਰਾਮ ਸ਼ਰਮਾ ਅਤੇ ਹਰੀ ਰਾਮ ਗੁਪਤਾ ਅਨੁਸਾਰ ਉਸ ਦੇ ਰਾਜ-ਕਾਲ ਵਿਚ ਵੀ ਹਿੰਦੂਆਂ ਨਾਲ ਅਜਿਹੇ ਵਤੀਰੇ ਵਿਚ ਕੋਈ ਬਹੁਤਾ ਫਰਕ ਨਹੀਂ ਸੀ ਆਇਆ। ਉਸ ਸਮੇਂ ਡੇਹਰਾ ਗਾਜ਼ੀ ਖਾਨ ਦੇ ਹਾਕਮ ਨੇ ਹੁਕਮ ਦੇ ਰੱਖੇ ਸਨ ਜਿਨ੍ਹਾਂ ਅਨੁਸਾਰ ਕੋਈ ਹਿੰਦੂ ਘੋੜੇ ਯਾ ਪਾਲਕੀ ਦੀ ਸਵਾਰੀ ਨਹੀਂ ਸੀ ਕਰ ਸਕਦਾ, ਉਸ ਨੂੰ ਕੇਵਲ ਖੋਤੇ ਦੀ ਸਵਾਰੀ ਦੀ ਹੀ ਇਜਾਜ਼ਤ ਸੀ।

ਕਿਤਨੀ ਹੈਰਾਨੀ ਦੀ ਗੱਲ ਹੈ ਕਿ ਹਜ਼ਾਰਾਂ ਸਾਲਾਂ ਤਕ ਅਜਿਹੀ ਦੁਰਦਸ਼ਾ ਅਤੇ ਅਜਿਹੀ ਦੁਰ-ਵਿਵਹਾਰ ਦਾ ਸ਼ਿਕਾਰ ਹੋਣ ਦੇ ਬਾਵਜੂਦ ਹਿੰਦੂਆਂ ਨੇ ਚੂੰ ਤਕ ਵੀ ਨਹੀਂ ਕੀਤੀ।

ਗੋਲਕ ਚੰਦ ਨਾਰੰਗ ਅਨੁਸਾਰ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਅਤੇ ਕਾਫੀ ਸਮਾਂ ਬਾਅਦ ਤਕ ਵੀ ਇਤਿਹਾਸ ਵਿਚ ਐਸੇ ਇਕ ਵੀ ਹਿੰਦੂ ਦਾ ਨਾਮ ਨਹੀਂ ਮਿਲਦਾ ਜਿਸ ਨੇ ਆਪਣੀ ਕੌਮ ਨਾਲ ਹੁੰਦੇ ਆ ਰਹੇ ਦੁਰ-ਵਿਵਹਾਰ ਵਿਰੁੱਧ ਆਵਾਜ਼ ਤਕ ਉਠਾਣ ਦਾ ਹੀਆ ਕੀਤਾ ਹੋਵੇ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਹਿੰਦੂਆਂ ਦੀ ਸਾਹ-ਸੱਤ-ਹੀਣਤਾ ਦਾ ਜ਼ਿਕਰ ਕੀਤਾ ਹੈ। ਫੁਰਮਾਂਦੇ ਹਨ ਕਿ "ਇਸ ਸਮੇਂ ਗੁਲਾਮੀ ਦੀ ਭਾਵਨਾ ਇਸ ਹੱਦ ਤਕ ਹਿੰਦੂ ਕਿਰਦਾਰ ਵਿਚ ਸਮਾ ਚੁਕੀ ਹੈ ਕਿ ਉਹਨਾਂ ਨੇ ਮੁਸਲਮਾਨ ਹਾਕਮਾਂ ਦੇ ਅਤੇ ਤੌਰ-ਤਰੀਕੇ ਅਤੇ ਤਰਜ਼ੇ ਜ਼ਿੰਦਗੀ ਨੂੰ ਅਪਣਾ ਲਿਆ ਹੈ। ਲੰਬੀ ਗੁਲਾਮੀ ਕਾਰਨ ਧੋਖੇਬਾਜ਼ੀ, ਕਾਇਰਤਾ ਅਤੇ ਅਤਿ ਦਰਜੇ ਦੀ ਸਰਵਪੱਖੀ ਅਧੋਗਤੀ ਹਿੰਦੂ ਕਿਰਦਾਰ ਦਾ ਹਿੱਸਾ ਬਣ ਚੁਕੀ ਹੈ।"

ਇਹ ਉਸ ਸਮੇਂ ਦੇ ਹਿੰਦੂ ਕਿਰਦਾਰ ਦੀ ਮੂੰਹ ਬੋਲਦੀ ਤਸਵੀਰ ਹੈ। ਜਦ ਉਹਨਾਂ ਦੇ ਪਰਮ ਪਵਿੱਤਰ ਮੰਦਰ ਮੁਸਲਿਮ ਹਾਕਮਾਂ ਵਲੋਂ ਢਾਹ ਢੇਰੀ ਕੀਤੇ ਜਾ ਰਹੇ ਸਨ ਅਤੇ ਉਹਨਾਂ ਦੇ ਪਵਿੱਤਰ ਤੋਂ ਪਵਿੱਤਰ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਨੂੰ ਤੋੜ ਫੋੜ ਕੇ ਕਸਾਈਆਂ ਦੇ ਹਵਾਲੇ ਗਊਆਂ ਆਦਿ ਦਾ ਮੀਟ ਤੋਲਣ ਲਈ ਦਿੱਤਾ ਜਾ ਰਿਹਾ ਸੀ ਤਾਂ ਮੁਗਲ ਦਰਬਾਰ ਦੇ ਕਈ ਬ੍ਰਾਹਮਣ ਦਰਬਾਰੀ ਮੁਗਲ ਬਾਦਸ਼ਾਹਾਂ ਨੂੰ ਇਹ ਕਹਿ ਕੇ ਪਰਮਾਤਮਾ ਦਾ ਰੂਪ ਦਰਸਾ ਰਹੇ ਸਨ ਕਿ 'ਦਿਲੀਸ਼ੂਰ ਜਗਦੀਸ਼ੂਰ' (ਹਵਾਲਾ ਜਗਨ ਨਾਥ ਬ੍ਰਾਹਮਣ, ਜੋ ਅਕਬਰ ਦਾ ਦਰਬਾਰੀ ਸੀ)। ਇੱਜ਼ਤ ਅਤੇ ਆਬਰੂ ਦੀ ਭਾਵਨਾ ਇਸ ਹੱਦ ਤਕ ਮਰ ਚੁਕੀ ਸੀ ਕਿ ਇਨ੍ਹਾਂ ਵਿਚੋਂ ਉਹ ਰਾਜਪੂਤ, ਜਿਹਨਾਂ ਦੀ ਕਥਿਤ ਅਣਖ ਤੇ ਬਹਾਦਰੀ ਦੇ ਸੋਹਲੇ ਗਾਏ ਜਾਂਦੇ ਹਨ, ਆਪਣੀਆਂ ਧੀਆਂ ਭੈਣਾਂ ਦੇ ਡੋਲੇ ਆਪਣੇ ਹੀ ਮੋਢਿਆਂ ਤੇ ਚੁਕ ਕੇ ਉਹਨਾਂ ਹੀ ਮੁਸਲਿਮ ਹਾਕਮਾਂ ਦੇ ਹਰਮਾਂ ਤੱਕ ਪਹੁੰਚਾ ਰਹੇ ਸਨ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਹਿੰਦੂ ਔਰਤਾਂ ਕਾਬਲ, ਗਜ਼ਨੀ ਅਤੇ ਮੱਧ ਏਸ਼ੀਆ ਦੇ ਬਾਜ਼ਾਰ ਵਿਚ ਇਕ-ਇਕ ਦੋ-ਦੋ ਯਾ ਚਾਰ ਚਾਰ ਕੌਡੀਆਂ ਵਿਚ ਵਿਕ ਰਹੀਆਂ ਸਨ।



www.AKJ.Org

ਅਜਿਹੇ ਜ਼ੋਰ ਤੇ ਜ਼ੁਲਮ ਦੇ ਦੌਰ ਵਿਰੁੱਧ ਪੂਰਬੀ ਦੁਨੀਆ ਵਿਚ ਪਹਿਲੇ ਪਹਿਲ ਜੇ ਕਿਸੇ ਵਿਅੱਕਤੀ ਨੇ ਅਵਾਜ਼ ਉਠਾਈ ਤਾਂ, ਉਹ ਸਿੱਖ-ਧਰਮ ਅਤੇ ਕੌਮ ਦੇ ਨਿਰਮਾਤਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਸਨ, ਜਿਨ੍ਹਾਂ ਨੇ ਜ਼ਿਲਤ ਤੇ ਚਿੱਕੜ ਵਿਚ ਡਿੱਗੇ ਹੋਏ ਲੋਕਾਂ ਨੂੰ ਝੰਜੋੜਦਿਆਂ ਫ਼ੁਰਮਾਇਆ ਸੀ—

ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥ (ਪੰਨਾ ੧੪੨)

(ਅਰਥਾਤ—ਜ਼ਿਲਤ ਦੀ ਜ਼ਿੰਦਗੀ ਜੀਉਣ ਨਾਲੋਂ ਤਾਂ ਮਰ ਜਾਣਾ ਹੀ ਚੰਗਾ ਹੈ)।

ਸੋ ਸਮਾਨਤਾ ਅਤੇ ਸਵੈ-ਸਤਿਕਾਰ ਤੇ ਅਧਾਰਤ ਹੱਕ ਅਤੇ ਇਨਸਾਫ਼ ਸਿੱਖ ਸਿਧਾਂਤਾਂ ਦੇ ਬੁਨਿਆਦੀ ਅਸੂਲ ਹਨ। ਇਹ ਸਿਧਾਂਤ ਜ਼ਿੰਦਗੀ ਦੀਆਂ ਉੱਚੀਆਂ ਸੁੱਚੀਆਂ ਕਦਰਾਂ ਕੀਮਤਾਂ ਦੇ ਪ੍ਰਤੀਕ ਹਨ। ਜਿਸ ਯੁਗ ਅਤੇ ਵਿਸ਼ੇਸ਼ ਕਰ ਜਿਸ ਮੁਲਕ ਵਿਚ ਇਹ ਸਿਧਾਂਤ ਪਹਿਲੇ ਪਹਿਲ ਉਲੀਕੇ ਅਤੇ ਪ੍ਰਚਾਰੇ ਗਏ, ਉਸ ਸਮੇਂ ਆਮ ਜਨਤਾ ਇਹਨਾਂ ਦਾ ਸੰਕਲਪ ਤਕ ਵੀ ਨਹੀਂ ਸੀ ਕਰ ਸਕਦੀ। ਆਮ ਲੋਕਾਂ ਨੂੰ ਇਹ ਸਿਧਾਂਤ ਗ੍ਰਹਿਣ ਕਰਵਾਉਣ ਅਤੇ ਉਹਨਾਂ ਨੂੰ ਇਹਨਾਂ ਦੀ ਹਰ ਕੀਮਤ ਤੇ ਰਾਖੀ ਕਰ ਸਕਣ ਦਾ ਬਲ ਬਖਸ਼ਣ ਵਾਸਤੇ ਸਿੱਖ ਗੁਰੂ ਸਾਹਿਬਾਨ ਨੇ ਆਪਣੀਆਂ ਮਹਾਨ ਕੁਰਬਾਨੀਆਂ ਦੁਆਰਾ ਇਕ ਐਸਾ ਗੌਰਵ-ਮਈ ਰਾਹ ਉਲੀਕਿਆ ਜਿਸ ਤੇ ਚਲ ਕੇ ਸਿੰਘਾਂ ਨੇ ਇਤਿਹਾਸ ਦਾ ਮੂੰਹ ਮੁਹਾਂਦਰਾ ਹੀ ਬਦਲ ਕੇ ਰੱਖ ਦਿੱਤਾ।

੧੬੦੬ ਵਿਚ ਗੁਰੂ ਅਰਜਨ ਦੇਵ ਜੀ ਦੀ, ੧੬੭੫ ਵਿਚ ਗੁਰੂ ਤੇਗ ਬਹਾਦਰ ਜੀ ਦੀ, ੧੭੦੮ ਵਿਚ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਦੇ ਚਾਰ ਸਾਹਿਬਜ਼ਾਦਿਆਂ, ਪੰਜਾਂ ਪਿਆਰਿਆਂ ਅਤੇ ਫਿਰ ਅਨੇਕ ਸਿੱਖ ਸੇਵਕਾਂ ਦੀਆਂ ਸ਼ਹੀਦੀਆਂ ਇਸੇ ਮਹਾਨ ਮਾਰਗ ਦੇ ਮਹਾਨ ਮੀਲ-ਪੱਥਰ ਹਨ।

ਜਿਸ ਸਿੱਖ ਕੌਮ ਨੇ ਮਨੁੱਖਤਾ ਅਤੇ ਵਿਸ਼ੇਸ਼ ਕਰ ਹਿੰਦ ਨਿਵਾਸੀਆਂ ਦੇ ਕਲਿਆਣ ਹਿਤ ਇਤਿਹਾਸ ਵਿਚ ਇਤਨੀ ਮਹੱਤਵ ਪੂਰਨ ਭੂਮਿਕਾ ਨਿਭਾਈ ਹੋਵੇ ਅਤੇ ਜਿਸ ਹਿੰਦੂ ਫਿਰਕੇ ਨੇ ਸਿੰਘਾਂ ਦੀਆਂ ਕੁਰਬਾਨੀਆਂ ਦਾ ਉਸ ਇਤਿਹਾਸ ਵਿਚ ਸਭ ਤੋਂ ਵਧ ਲਾਭ ਉਠਾਇਆ ਹੋਵੇ ਅੱਜ ਉਹ ਹੀ ਹਿੰਦੂ ਉਸ ਵਲੋਂ ਇਤਿਹਾਸ ਵਿਚ ਯੋਗ ਸਥਾਨ ਲੈ ਸਕਣ ਦਾ ਭਰਪੂਰ ਵਿਰੋਧ ਕਰ ਰਿਹਾ ਹੈ। ਉਹੀ ਹਿੰਦੂ ਜੋ ਇਹਨਾਂ ਦੇ ਮੋਢਿਆਂ ਤੇ ਚੜ੍ਹ ਕੇ ਤਖਤ ਅਤੇ ਰਾਜ ਦਾ ਵਾਰਸ ਬਣਿਆ ਹੈ, ਇਹਨਾਂ ਨੂੰ ਬਰਾਬਰ ਦਾ ਭਾਈਵਾਲ ਮੰਨਣਾ ਤਾਂ ਇਕ ਪਾਸੇ ਰਿਹਾ, ਇਹਨਾਂ ਨੂੰ ਹਰ ਹੀਲੇ ਛੁਟਿਆਉਣ ਅਤੇ ਮਿੱਟੀ ਵਿਚ ਰਲਾਉਣ ਤੇ ਤੁਲਿਆ ਹੋਇਆ ਹੈ। ਕਹਿੰਦੇ ਹਨ, ਅਕਿਰਤਘਣਤਾ ਸਭ ਤੋਂ ਵੱਡਾ ਪਾਪ ਹੈ; ਪਰੰਤੂ, ਇਸ ਵੇਲੇ ਤਾਂ 'ਪਾਪ' ਪੁੰਨ ਤੇ 'ਪੁੰਨ' ਪਾਪ ਬਣਿਆ ਹੋਇਆ ਜਾਪਦਾ ਹੈ।

ਅਠਾਰ੍ਹਵੀਂ ਸਦੀ ਵਿਚ ਜਦ ਅਫ਼ਗਾਨ ਪਹਿਲਾਂ ਮੁਗਲਾਂ ਨੂੰ ਅਤੇ ਫਿਰ ਪਾਨੀਪਤ ਦੇ ਮੈਦਾਨ ਵਿਚ ਮਰਹਟਿਆਂ ਨੂੰ ਮੁਕੰਮਲ ਅਤੇ ਕਰਾਰੀ ਹਾਰ ਦੇ ਚੁਕੇ ਸਨ ਤਾਂ ਉਸ ਸਮੇਂ ਸਿੱਖ ਕੌਮ ਅਤੇ ਕੇਵਲ ਸਿੱਖ ਕੌਮ ਹੀ ਉਹਨਾਂ ਦੇ ਰਾਹ ਵਿਚ ਇਕੋ ਇਕ ਐਸਾ ਅੜਿੱਕਾ ਬਾਕੀ ਰਹਿ ਗਿਆ ਸੀ, ਜਿਸ ਨੇ ਇਨ੍ਹਾਂ ਦੇ ਹਿੰਦ ਪ੍ਰਤੀ ਆਪਣੇ ਆਕਰਮਣਕਾਰੀ ਇਰਾਦਿਆਂ ਨੂੰ ਕਾਮਯਾਬ ਹੋਣ ਨਾ ਦਿੱਤਾ। ਅੱਜ ਹਿੰਦੂ ਭੂਸ਼ਨ ਬੈਨਰਜੀ ਵਰਗਾ ਹਰ ਈਮਾਨਦਾਰ ਅਤੇ ਸੂਝਵਾਨ ਇਤਿਹਾਸਕਾਰ ਇਸ ਹਕੀਕਤ ਦੀ ਪੁਸ਼ਟੀ ਕਰਦਾ ਹੈ ਕਿ ਜੇ ਉਸ ਵੇਲੇ ਸਿੱਖ ਕੌਮ ਬੇਮਿਸਾਲ ਕੁਰਬਾਨੀਆਂ ਦੁਆਰਾ ਅਹਿਮਦਸ਼ਾਹ ਦੁਰਾਨੀ ਅਤੇ ਉਸ ਦੇ ਉਤਰਾਧਿਕਾਰੀਆਂ ਦਾ ਡਟ ਕੇ ਵਿਰੋਧ ਨ ਕਰਦੀ ਤਾਂ ਜਮਨਾ ਤਕ ਦਾ ਇਲਾਕਾ ਭਾਰਤ ਤੋਂ ਹਮੇਸ਼ਾ ਹਮੇਸ਼ਾ ਲਈ ਖੁਸ ਕੇ ਅਫ਼ਗਾਨਿਸਤਾਨ ਦਾ ਹਿੱਸਾ ਬਣ ਜਾਣਾ ਸੀ। ਇਸ ਪ੍ਰਕਾਰ ਸਿੱਖ ਕੌਮ ਨੇ ਉਸ ਨਾਜ਼ਕ ਸਮੇਂ ਹਿੰਦੁਸਤਾਨ ਦੀ ਜੁਗਰਾਫ਼ੀਆਈ ਇਕਾਈ ਨੂੰ ਕਾਇਮ ਰੱਖਿਆ, ਭਾਵੇਂ ਇਸ ਨੂੰ ਬਹੁਤ ਵਡੀ ਜਾਨੀ ਅਤੇ ਮਾਲੀ ਕੀਮਤ ਚੁਕਾਣੀ ਪਈ। ਇਸ ਦੇ ਇਲਾਵਾ ਇਹ ਸਿੱਖ ਕੌਮ ਹੀ ਸੀ, ਜਿਸ ਨੇ ਨਾਦਰ ਸ਼ਾਹ, ਅਹਿਮਦ ਸ਼ਾਹ ਅਤੇ ਕਈ ਹੋਰ ਅਜਿਹੇ ਜਰਵਾਣਿਆਂ ਅਤੇ ਧਾੜਵੀਆਂ ਦੇ ਚੁੰਗਲ ਤੋਂ ਉਨ੍ਹਾਂ ਅਨਿਗਣਤ, ਅਬਲਾਂ ਅਤੇ ਮਾਸੂਮ ਨੌਜਵਾਨ ਹਿੰਦੂ



www.AKJ.Org

ਔਰਤਾਂ ਨੂੰ ਛੁਡਵਾ ਕੇ ਉਹਨਾਂ ਦੇ ਘਰੋ-ਘਰੀ ਪਹੁੰਚਾਇਆ, ਜਿਨ੍ਹਾਂ ਦੀ ਖ਼ਾਤਰ ਕੋਈ ਇਕ ਵੀ ਹਿੰਦੂ ਆਹ ਤਕ ਦਾ ਨਾਹਰਾ ਮਾਰਨ ਦੀ ਜੁਰਅਤ ਨਹੀਂ ਸੀ ਕਰ ਸਕਿਆ। ਸਗੋਂ ਲਖਪਤ ਰਾਏ ਅਤੇ ਜਸਪਤ ਰਾਏ ਵਰਗੇ ਹਿੰਦੂ ਉਹਨਾਂ ਜਰਵਾਣਿਆਂ ਦਾ ਭਰਪੂਰ ਸਾਥ ਦੇ ਕੇ ਸਿੰਘਾਂ ਦਾ ਖੁਰਾ-ਖੋਜ ਮਿਟਾਣ ਦੇ ਯਤਨਾਂ ਵਿਚ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਸਨ।

ਅਫ਼ਗਾਨਾਂ ਨੂੰ ਪੂਰੀ ਤਰ੍ਹਾਂ ਪਛਾੜ ਕੇ ਜਦ ਸਿੰਘਾਂ ਨੇ ਖ਼ੈਬਰ ਤਕ ਦਾ ਇਲਾਕਾ ਮੱਲ ਲਿਆ ਤਾਂ ਹਜ਼ਾਰਾਂ ਸਾਲਾਂ ਵਿਚ ਪਹਿਲੀ ਵਾਰੀ ਹਿੰਦ ਨਿਵਾਸੀਆਂ ਨੂੰ ਬਦੇਸ਼ੀ ਜਰਵਾਣਿਆਂ ਦੇ ਨਿੱਤ ਦੇ ਜ਼ੁਲਮਾਂ ਤੋਂ ਛੁਟਕਾਰਾ ਨਸੀਬ ਹੋਇਆ। ਇਹ ਸਿੰਘ ਹੀ ਸਨ, ਜਿਨ੍ਹਾਂ ਨੇ ਪੂਰੇ ਇਕ ਹਜ਼ਾਰ ਸਾਲਾਂ ਬਾਅਦ ਇਹਨਾਂ ਧਾੜਵੀਆਂ ਨੂੰ ਉਨ੍ਹਾਂ ਦੀ ਆਪਣੀ ਹੀ ਧਰਤੀ ਤਕ ਧਕੇਲ ਕੇ ਉਨ੍ਹਾਂ ਦੇ ਸਾਰੇ ਰਵਾਇਤੀ ਨਾਕਿਆਂ ਨੂੰ ਆਪਣੇ ਲਹੂ-ਪਸੀਨੇ ਨਾਲ ਹਮੇਸ਼ਾ ਲਈ ਬੰਦ ਕਰ ਦਿੱਤਾ ਅਤੇ ਉਹਨਾਂ ਨੂੰ ਐਸਾ ਸਬਕ ਸਿਖਾਇਆ ਜਿਸ ਨੂੰ ਉਹ ਅੱਜ ਤਕ ਭੁਲਾ ਨਹੀਂ ਸਕੇ।

ਪਰੰਤੂ, ਜੋ ਮੁਗ਼ਲ, ਅਫ਼ਗਾਨ ਅਤੇ ਉਹਨਾਂ ਦੇ ਹਿੰਦੂ ਕਰਮਚਾਰੀ ਅਤੇ ਰਜਵਾੜੇ ਸਿੰਘਾਂ ਦਾ ਖੁਰਾ ਖੋਜ ਮਿਟਾਣ ਹਿਤ ਸੌ ਸਾਲ ਤੋਂ ਉਪਰ ਸਮੇਂ ਤਕ ਉਹਨਾਂ ਤੇ ਕਿਆਮਤ ਵਰਸਾਉਂਦੇ ਰਹੇ, ਜਦ ਉਹ ਸਿੰਘਾਂ ਦੀ ਸੂਰਮਗਤੀ ਅੱਗੇ ਝੁਕਣ ਤੇ ਮਜਬੂਰ ਹੋ ਗਏ ਤਾਂ ਸਿੰਘਾਂ ਨੇ ਨਾ ਕੇਵਲ ਉਹਨਾਂ ਸਾਰਿਆਂ ਨੂੰ ਮੁਆਫ਼ ਹੀ ਨਹੀਂ ਕੀਤਾ, ਸਗੋਂ ਉਹਨਾਂ ਨੂੰ ਗਲ ਨਾਲ ਲਾਇਆ ਅਤੇ ਆਪਣੀ ਰਾਜ-ਸਤਾ ਵਿਚ ਬਰਾਬਰ ਦਾ ਭਾਈਵਾਲ ਬਣਾ ਲਿਆ। ਅਜਿਹੀ ਮਿਸਾਲ ਵੀ ਸਾਰੀ ਦੁਨੀਆ ਦੇ ਇਤਿਹਾਸ ਵਿਚ ਨਹੀਂ ਮਿਲਦੀ। ਇਸ ਪਖੋਂ ਸਿੱਖ ਕੌਮ ਇਕ ਨਵੀਂ ਅਤੇ ਨਰੋਈ ਰਾਜਨੀਤੀ ਦੇ ਨਿਰਮਾਤਾ ਵੀ ਹਨ।

ਮਹਾਰਾਜਾ ਰਣਜੀਤ ਸਿੰਘ ਜੀ ਦੀ ਕਮਾਨ ਹੇਠ ਜਦ ਉਹ ਇਕ ਵਿਸ਼ਾਲ ਅਤੇ ਸ਼ਕਤੀਸ਼ਾਲੀ ਰਾਜ-ਭਾਗ ਦੇ ਮਾਲਕ ਬਣੇ ਤਾਂ ਉਨ੍ਹਾਂ ਨੇ ਆਪਣੀ ਰਾਜ ਸਤਾ ਦਾ ਇਸਤਿਮਾਲ ਜਿਸ ਸੰਕੋਚ, ਸੁਚੱਜਤਾ ਅਤੇ ਯੋਗਤਾ ਨਾਲ ਕੀਤਾ, ਉਸ ਨੂੰ ਸ਼ਾਹ ਮੁਹੰਮਦ ਵਰਗੇ ਕਵੀਆਂ ਨੇ ਆਪਣੀਆਂ ਮਹਾਨ ਰਚਨਾਵਾਂ ਵਿਚ ਹਮੇਸ਼ਾ ਹਮੇਸ਼ਾ ਵਾਸਤੇ ਸੁਰੱਖਿਅਤ ਕਰ ਦਿੱਤਾ ਹੋਇਆ ਹੈ ਅਤੇ ਸਮੇਂ ਦੇ ਨਾਲ ਨਾਲ ਇਸ ਨੂੰ ਹਰ ਨਿਰਪਖਸ਼ ਪੱਧਰ ਤੇ ਅੱਜ ਵਧ ਤੋਂ ਵਧ ਸਲਾਹਿਆ ਅਤੇ ਸਤਕਾਰਿਆ ਜਾ ਰਿਹਾ ਹੈ। ਉਨ੍ਹਾਂ ਦੇ ਰਾਜ-ਕਾਜ ਸਮੇਂ ਇਤਿਹਾਸ ਵਿਚ ਪਹਿਲੀ ਵਾਰੀ ਸਾਰੀਆਂ ਕੌਮਾਂ ਨੂੰ ਮੁਕੰਮਲ ਸਦਭਾਵਨਾ ਅਤੇ ਭਾਈਚਾਰੇ ਦੇ ਮਾਹੌਲ ਵਿਚ ਰਹਿਣ ਅਤੇ ਵਿਕਸਤ ਹੋਣ ਦਾ ਅਵਸਰ ਪ੍ਰਾਪਤ ਹੋਇਆ ਅਤੇ ਰੰਗ, ਨਸਲ ਯਾ ਮਜ਼ਹਬ ਦੀ ਬਿਨਾ ਤੇ ਕਿਸੇ ਨਾਲ ਕਦੇਂ ਕੋਈ ਵਿਤਕਰਾ ਨਹੀਂ ਕੀਤਾ ਗਿਆ। ਜੋ ਲੋਕ ਅੱਜ ਧਰਮ-ਨਿਰਪਸ਼ਤਾ ਅਤੇ ਰਾਸ਼ਟਰੀ ਏਕਤਾ ਸਦਭਾਵਨਾ ਦੀਆਂ ਡੀਂਗਾ ਮਾਰਦੇ ਹਨ, ਪਰੰਤੂ, ਅਮਲੀ ਪੱਧਰ ਤੇ ਇਨ੍ਹਾਂ ਹੀ ਸਿਧਾਂਤਾਂ ਨੂੰ ਉਨ੍ਹਾਂ ਨੇ ਘਟ ਗਿਣਤੀਆਂ ਦੇ ਘਾਤ ਲਈ ਘੜ ਲਿਆ ਹੈ, ਉਹਨਾਂ ਨੂੰ ਸਿੰਘਾਂ ਦੇ ਰਾਜ ਕਾਲ ਸਮੇਂ ਦੀਆਂ ਉਚੀਆਂ ਰਵਾਇਤਾਂ ਤੋਂ ਕਾਫ਼ੀ ਸਬਕ ਮਿਲ ਸਕਦਾ ਹੈ। ਰਣਜੀਤ ਸਿੰਘ ਦੇ ਸਿੱਖ ਰਾਜ ਵਿਚ ਹਰ ਪੱਧਰ ਤੇ ਬਹੁਤ ਵੱਡੀ ਗਿਣਤੀ ਹਿੰਦੂਆਂ ਮੁਸਲਮਾਨਾਂ ਅਤੇ ਈਸਾਈਆਂ ਦੀ ਸੀ, ਜਿਨ੍ਹਾਂ ਲਈ ਵੱਡੀ ਤੋਂ ਵੱਡੀ ਪਦਵੀ ਦੇ ਦਰਵਾਜ਼ੇ ਵੀ ਖੁੱਲ੍ਹੇ ਸਨ। ਕਿਤਨੀ ਹੈਰਾਨੀ ਦੀ ਗੱਲ ਹੈ ਕਿ ਜਿਸ ਸਮੇਂ ਵਿਰੋਧੀਆਂ ਦਾ ਸਫ਼ਾਇਆ ਕਰਨ ਲਈ ਛੋਟੇ ਛੋਟੇ ਜੁਰਮ ਦੀ ਵੀ ਸਜ਼ਾ ਮੌਤ ਸੀ, ਉਸ ਸਮੇਂ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੁਚੇ ਰਾਜ ਕਾਲ ਵਿਚ ਇਕ ਵੀ ਵਿਅੱਕਤੀ ਨੂੰ ਮੌਤ ਦੀ ਸਜ਼ਾ ਨਹੀਂ ਦਿੱਤੀ ਗਈ। ਇਸ ਪ੍ਰਾਪਤੀ ਦੀ ਮਹੱਤਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਅਮਰੀਕਾ ਅਤੇ ਇੰਗਲੈਂਡ ਸਮੇਤ ਦੁਨੀਆ ਦੇ ਵੱਡੇ ਤੋਂ ਵੱਡੇ ਮੁਲਕ ਅੱਜ ਤਕ ਮੌਤ ਦੀ ਸਜ਼ਾ ਨੂੰ ਖਤਮ ਕਰਨ ਦਾ ਹੌਸਲਾ ਨਹੀਂ ਕਰ ਸਕੇ। ਕੀ ਸ਼ੌਰੀ ਇਕ ਵੀ ਐਸੇ ਵਿਅਕਤੀ ਦਾ ਨਾਂ ਦੱਸ ਸਕਦਾ ਹੈ, ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਸਮੇਂ ਫਾਂਸੀ ਦੀ ਸਜ਼ਾ ਦਿੱਤੀ ਗਈ ਹੋਵੇ ?



www.AKJ.Org

ਸਿੱਖ ਰਾਜ ਦੇ ਪਤਨ ਉਪਰੰਤ ਵਾਪਰਨ ਵਾਲੀਆਂ ਇਤਿਹਾਸਕ ਘਟਨਾਵਾਂ ਤੋਂ ਪ੍ਰਭਾਵਤ ਹੋ ਕੇ ਕਈ ਇਤਿਹਾਸਕਾਰ ਅਤੇ ਵਿਚਾਰਵਾਨ ਆਪਣੇ ਇਸ ਸ਼ੰਕੇ ਦਾ ਪ੍ਰਗਟਾਵਾ ਕਰਦੇ ਹਨ ਕਿ ਜੇ ਸਿੰਘਾਂ ਨੇ ਰਾਜ ਸਤਾ ਸਮੇਂ ਇਤਨੀ ਖੁਲ੍ਹਦਿਲੀ ਨਾ ਦਿਖਾਈ ਹੁੰਦੀ ਅਤੇ ਗ਼ੈਰ ਸਿੱਖਾਂ ਨੂੰ ਇਤਨੀ ਵੱਡੀ ਪੱਧਰ ਤੇ ਰਾਜ ਸਤਾ ਵਿਚ ਆਪਣਾ ਭਾਈਵਾਲ ਨਾ ਬਣਾਇਆ ਹੁੰਦਾ ਤਾਂ ਸ਼ਾਇਦ ਸਿੱਖ ਰਾਜ ਦਾ ਅੰਤ ਇਤਨੀ ਛੇਤੀ ਨਾ ਹੁੰਦਾ, ਕਿਉਂਕਿ ਉਹ ਉਹਨਾਂ ਧੋਖਿਆਂ ਦਾ ਸ਼ਿਕਾਰ ਹੋਣ ਤੋਂ ਬਚ ਜਾਂਦੇ, ਜਿਸ ਕਾਰਨ ਉਨ੍ਹਾਂ ਦਾ ਰਾਜ ਭਾਗ ਰਣਜੀਤ ਸਿੰਘ ਦੀ ਮੌਤ ਦੇ ਨਾਲ ਹੀ ਬਿਖਰ ਗਿਆ।

ਪ੍ਰੰਤੂ, ਜੋ ਜੋ ਸਿਧਾਂਤ ਅਤੇ ਜੋ ਜੋ ਕਦਰਾਂ ਕੀਮਤਾਂ ਸਿੱਖ ਕੌਮ ਨੂੰ ਆਪਣੀ ਗੁੜ੍ਹਤੀ ਵਿਚ ਮਿਲੀਆਂ ਸਨ, ਉਹਨਾਂ ਦੀ ਰੋਸ਼ਨੀ ਵਿਚ ਉਹ ਐਸਾ ਕਰ ਹੀ ਨਹੀਂ ਸੀ ਸਕਦੀ ਕਿ ਗ਼ੈਰ-ਸਿੱਖਾਂ ਨੂੰ ਆਪਣੇ ਰਾਜ ਭਾਗ ਵਿਚ ਹਿਸੇ ਤੋਂ ਲਾਂਭੇ ਰੱਖਦੀ। ਜੋ ਜੋ ਧੋਖੇ ਇਸ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਉਪਰੰਤ ਯਾ ਉਨ੍ਹਾਂ ਦੇ ਰਾਜ ਕਾਲ ਸਮੇਂ ਹੀ ਹੋਏ, ਇਹ ਨਾ ਤਾਂ ਪਹਿਲਾ ਧੋਖਾ ਹੈ ਜਿਸ ਦਾ ਸਿੰਘਾਂ ਨੂੰ ਸ਼ਿਕਾਰ ਹੋਣਾ ਪਿਆ ਅਤੇ ਨਾ ਹੀ ਅਖ਼ਰੀ। ਸਿੰਘਾਂ ਦੀ ਅਜੋਕੀ ਦੁਰਦਸ਼ਾ ਦਾ ਮੂਲ ਕਾਰਨ ਵੀ ਇਕ ਧੋਖਾ ਹੀ ਹੈ, ਜੋ ਉਨ੍ਹਾਂ ਨਾਲ ਸੁਤੰਤਰਤਾ, ਰਾਸ਼ਟਰੀ ਏਕਤਾ ਅਤੇ ਧਰਮ ਨਿਰਪਖਸ਼ਤਾ ਦੇ ਨਾਂ ਤੇ ਕੀਤਾ ਗਿਆ।

ਅੱਜ ਹਰ ਕੋਈ ਜਾਣਦਾ ਹੈ ਕਿ ਸਿੰਘਾਂ ਨੇ ਆਪਣਾ ਰਾਜ-ਭਾਗ ਲੜਾਈ ਦੇ ਮੈਦਾਨਾਂ ਵਿਚ ਨਹੀਂ, ਸਗੋਂ ਉਨ੍ਹਾਂ ਬੰਦ ਕਮਰਿਆਂ ਵਿਚ ਗਵਾਇਆ, ਜਿਥੇ ਧਰੋਹ ਅਤੇ ਧੱਕੇਸ਼ਾਹੀ ਨੇ ਖਾਲਸਾ ਸਰਕਾਰ ਦੇ ਖ਼ਿਲਾਫ਼ ਸਾਜ਼ਸ਼ਾਂ ਰਚੀਆਂ। ਰਵਾਇਤੀ ਗ਼ਦਾਰਾਂ, ਧੋਖੇਬਾਜ਼ਾਂ ਅਤੇ ਦਲਾਲਾਂ ਨੇ ਅੰਗਰੇਜ਼ਾਂ ਨਾਲ ਮਿਲੀ ਭੁਗਤ ਕਰ ਕੇ ਉਸ ਸਿੱਖ ਰਾਜ ਦੀ ਕਬਰ ਤੇ ਆਪਣੀ ਰਜਵਾੜੇਸ਼ਾਹੀ ਕਾਇਮ ਕਰਨ ਦੀ ਯੋਜਨਾ ਬਣਾਈ, ਜਿਸ ਨੇ ਉਹਨਾਂ ਦੇ ਮੂੰਹ ਤੋਂ ਸਦੀਆਂ ਦੀ ਗ਼ੁਲਾਮੀ ਦਾ ਦਲਿੱਦਰ ਧੋਤਾ ਸੀ। ਕਸ਼ਮੀਰ ਦੀ ਰਿਆਸਤ ਇਸ ਦਾ ਸਾਖਸ਼ਾਤ ਸਬੂਤ ਹੈ। ਯੂ. ਪੀ. ਦੇ ਹਿੰਦੂ ਬ੍ਰਾਹਮਣਾਂ, ਤੇਜ ਸਿੰਘ ਅਤੇ ਲਾਲ ਸਿੰਘ, ਕਸ਼ਮੀਰ ਦੇ ਡੋਗਰੇ ਗੁਲਾਬ ਸਿੰਘ ਅਤੇ ਧਿਆਨ ਸਿੰਘ, ਮਹਾਰਾਸ਼ਟਰ ਦੇ ਬਨੀਏ ਖੁਸ਼ਹਾਲ ਸਿੰਘ ਅਤੇ ਪੰਜਾਬ ਦੇ ਸੋਹਨ ਲਾਲ ਸੂਰੀ ਨੇ ਜਿਸ ਜਿਸ ਤਰ੍ਹਾਂ ਸਿੱਖ ਕੌਮ ਦੀ ਪਿਠ ਵਿਚ ਛੁਰਾ ਘੋਪਿਆ, ਉਹ ਉਹਨਾਂ ਦੇ ਆਪੋ ਆਪਣੇ ਫਿਰਕੇ ਤੇ ਸਦੀਵੀ ਕਾਲਖ ਦੇ ਧੱਬੇ ਹਨ, ਜੋ ਕਦੇ ਵੀ ਧੋਤੇ ਨਹੀਂ ਜਾ ਸਕਣਗੇ।

ਪਰੰਤੂ, ਰਵਾਇਤੀ ਗੁਲਾਮ ਹੋਣ ਕਾਰਨ ਗ਼ੁਲਾਮੀ ਦਾ ਸਵਾਦ ਉਨ੍ਹਾਂ ਨੂੰ ਹੀ ਪਿਆ ਹੋਇਆ ਸੀ, ਸਿੰਘਾਂ ਨੂੰ ਨਹੀਂ; ਇਸ ਲਈ ਸਿੰਘ ਕਦ ਗੁਲਾਮ ਰਹਿ ਸਕਦੇ ਹਨ ? ਸਿੰਘਾਂ ਦਾ ਰਾਜ-ਭਾਗ ਵਕਤੀ ਤੌਰ ਤੇ ਜ਼ਰੂਰ ਚਲਾ ਗਿਆ; ਪ੍ਰੰਤੂ, ਅਜ਼ਾਦੀ ਦਾ ਜਜ਼ਬਾ ਅਤੇ ਦ੍ਰਿੜ੍ਹ ਇਰਾਦਾ ਉਹਨਾਂ ਅੰਦਰ ਹਮੇਸ਼ਾਂ ਵਾਂਗ ਜਵਾਨ ਹੀ ਰਿਹਾ। ਇਸ ਹਕੀਕਤ ਦੀ ਗਵਾਹੀ ਕਈ ਸਮਕਾਲੀ ਬੜੇ ਭਾਵ ਪੂਰਤ ਅਤੇ ਦਿਲ-ਚੀਰਵੇਂ ਸ਼ਬਦਾਂ ਵਿਚ ਭਰਦੇ ਹਨ। ਜਰਨਲ ਬੈਕਵੇਲ, ਜਿਸ ਨੇ ਲੜਾਈ ਵਿਚ ਸਿੰਘਾਂ ਵਲੋਂ ਰਸਮੀ ਤੌਰ ਤੇ ਹਥਿਆਰ ਰੱਖਣ ਦੇ ਹਾਲਾਤ ਅੱਖੀਂ ਵੇਖੇ ਸਨ, ਕਹਿੰਦਾ ਹੈ ਕਿ "ਖ਼ਾਲਸਾ ਪੰਥ ਦੇ ਪੁਰਾਣੇ ਅਤੇ ਬਿਰਧ ਸਿਪਾਹੀ ਹਥਿਆਰ ਕਦਾਚਿਤ ਨਹੀਂ ਸਨ ਰੱਖਣਾ ਚਾਹੁੰਦੇ। ਉਨ੍ਹਾਂ ਵਿਚੋਂ ਕਈ ਤਾਂ ਕੋਸ਼ਿਸ਼ ਕਰਨ ਤੇ ਵੀ ਆਪਣੇ ਹੰਝੂ ਨਹੀਂ ਸਨ ਰੋਕ ਸਕੇ ਅਤੇ ਕਈਆਂ ਦੇ ਚਿਹਰਿਆਂ ਤੇ ਗ਼ਮ ਅਤੇ ਗੁੱਸੇ ਦੇ ਚਿੰਨ੍ਹ ਸਾਫ਼ ਦਿਖਾਈ ਦੇ ਰਹੇ ਸਨ। ਉਸ ਸਮੇਂ ਇਕ ਲੰਬੇ ਚਿੱਟੇ ਦਾਹੜੇ ਵਾਲੇ ਬਜ਼ੁਰਗ ਸਿਪਾਹੀ ਨੇ ਆਪਣੀ ਬੰਦੂਕ ਰੱਖਣ ਵੇਲੇ ਸਿੱਖ ਕੌਮ ਦੇ ਜਜ਼ਬਾਤ ਦੀ ਤਰਜਮਾਨੀ ਇਨ੍ਹਾਂ ਸ਼ਬਦਾਂ ਵਿਚ ਕੀਤੀ : 'ਅੱਜ ਰਣਜੀਤ ਸਿੰਘ ਮਰ ਗਿਐ'।"

ਵਕਤੀ ਹਾਰ ਦੇ ਬਾਵਜੂਦ ਆਜ਼ਾਦੀ ਦੀ ਜਵਾਲਾ ਹਰ ਸਿੱਖ ਹਿਰਦੇ ਵਿੱਚ ਹਮੇਸ਼ਾ ਵਾਂਗ ਬਲਵਾਨ ਹੀ ਰਹੀ। ਭਾਵੇਂ ਦੂਜੇ ਫ਼ਿਰਕੇ ਦੇ ਲੋਕਾਂ ਨੇ ਅੰਗਰੇਜ਼ ਸਾਮਰਾਜ ਦੀ ਈਨ ਮੁਕੰਮਲ ਤੌਰ ਤੇ ਮੰਨ ਲਈ ਸੀ, ਪਰੰਤੂ ਆਜ਼ਾਦੀ ਦੀ ਲਾਲਸਾ ਹਰ ਸਿੱਖ ਹਿਰਦੇ ਨੂੰ ਗਰਮਾ ਰਹੀ ਸੀ। ਪੰਜਾਬ ਵਿਚ ਅੰਗਰੇਜ਼ੀ ਸਾਮਰਾਜ ਦੇ



www.AKJ.Org

ਪਸਾਰ ਤੋਂ ਛੇਤੀ ਹੀ ਬਾਅਦ ਵਾਪਰੀਆਂ ਘਟਨਾਵਾਂ ਨੇ ਕਿਸੇ ਦੇ ਮਨ ਵਿਚ ਕੋਈ ਸ਼ੰਕਾ ਬਾਕੀ ਨਹੀਂ ਸੀ ਰਹਿਣ ਦਿੱਤਾ ਕਿ ਸਿੰਘ ਆਪਣੇ ਉਸ ਜਨਮ ਸਿੱਧ ਅਧਿਕਾਰ ਨੂੰ ਮੁੜ ਹਾਸਲ ਕਰਨ ਦਾ ਇਰਾਦਾ ਰੱਖਦੇ ਹਨ, ਜਿਸ ਦਾ ਐਲਾਨ ਉਹ ਨਗਾਰੇ ਦੀ ਚੋਟ ਤੇ ਹਰ ਸੁਬ੍ਹਾ ਅਤੇ ਹਰ ਸ਼ਾਮ ਆਪਣੀ ਅਰਦਾਸ ਵਿਚ ਇਹਨਾਂ ਸ਼ਬਦਾਂ ਦੁਆਰਾ ਕਰਦੇ ਹਨ : 'ਰਾਜ ਕਰੇਗਾ ਖਾਲਸਾ'। ਅਰੁਨ ਸ਼ੋਰੀ ਨੇ 'ਖਾਲਸਾ' ਪਦ ਦੇ ਮੂਲ ਅਰਥਾਂ ਨੂੰ ਵਿਗਾੜਨ ਦੀ ਜੋ ਕੋਸ਼ਿਸ਼ ਕੀਤੀ ਹੈ, ਉਸ ਦੇ ਵਿਪਰੀਤ ਇਸ ਦਾ ਸਾਫ਼ ਸਪੱਸ਼ਟ ਅਤੇ ਬਿਲਾ ਮੁਬਾਲਗ਼ਾ ਅਰਥ ਉਹ ਖਾਲਸਾ ਕੌਮ ਹੈ, ਜਿਸ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਕਰ-ਕਮਲਾਂ ਦੁਆਰਾ ਇਕ ਸੁਤੰਤਰ ਅਤੇ ਵਿਲੱਖਣ ਸਰੂਪ ਅਤੇ ਰਹਿਤ ਮਰਯਾਦਾ ਦਾ ਧਾਰਨੀ ਬਣਾਇਆ ਅਤੇ ਜੋ ਆਪਣੀਆਂ ਵਿਸ਼ੇਸ਼ ਕਦਰਾਂ ਕੀਮਤਾਂ ਤੇ ਅਧਾਰਤ ਇਕ ਨਿਆਰੇ ਧਾਰਮਕ, ਸਮਾਜਿਕ ਅਤੇ ਰਾਜਨੀਤਕ ਵਿਰਸੇ ਦੀ ਵਾਰਸ ਹੈ।

ਅੰਗਰੇਜ਼ ਨਵੇਂ ਨਵੇਂ ਹਥਿਆਏ ਪੰਜਾਬ ਵਿਚ ਹਾਲਾਂ ਆਪਣੇ ਪੈਰ ਪੂਰੀ ਤਰ੍ਹਾਂ ਜਮਾ ਵੀ ਨਹੀਂ ਸਨ ਸਕੇ ਕਿ ਜਦ ਨੌਰੰਗਾਬਾਦ ਦੇ ਮਹਾਰਾਜ ਸਿੰਘ ਨੇ ੧੮੪੭ ਵਿਚ ਵਿਦਰੋਹ ਦਾ ਝੰਡਾ ਬੁਲੰਦ ਕਰ ਦਿੱਤਾ; ਪ੍ਰੰਤੂ, ਅੱਖਾਂ ਦੀ ਬੀਨਾਈ ਚਲੀ ਜਾਣ ਕਾਰਨ ਉਸ ਨਾਲ ਇਕ ਹਿੰਦੂ ਵਿਅੱਕਤੀ ਨੇ ਧਰੋਹ ਕਮਾਇਆ ਅਤੇ ਹਕੂਮਤ ਪਾਸ ਉਸ ਦੀ ਮੁਖਬਰੀ ਕਰ ਕੇ ਉਸਨੂੰ ਫੜਵਾ ਦਿੱਤਾ। ਹਕੂਮਤ ਨੇ ਉਸ ਨੂੰ ਕਾਲਾਵਾਸ ਦੇ ਕੇ ਸਿੰਘਾ-ਪੁਰ ਭੇਜ ਦਿੱਤਾ, ਜਿਥੇ ਜੇਲ੍ਹ ਵਿਚ ਹੀ ਉਸ ਦੀ ਮੌਤ ਹੋਈ। ਇਸ ਤੋਂ ਛੇਤੀ ਹੀ ਮਗਰੋਂ ਸ: ਅਤਰ ਸਿੰਘ ਅਟਾਰੀ ਵਾਲੇ ਨੇ ਆਜ਼ਾਦੀ ਦਾ ਬਿਗਲ ਵਜਾਇਆ, ਪ੍ਰੰਤੂ ਇਕ ਸ਼ਕਤੀਸ਼ਾਲੀ ਸਾਮਰਾਜ ਵਿਰੁਧ ਉਸ ਕਲ-ਮ-ਕਲੇ ਦੀ ਕੀ ਦਾਲ ਗਲਣੀ ਸੀ ? ੧੮੫੭ ਤੋਂ ਬਾਅਦ ਜਦ ਅੰਗਰੇਜ਼ਾਂ ਨੇ ਆਪਣਾ ਦਾਇਰਾ ਤੰਗ ਕਰਨ ਹਿਤ ਸਖ਼ਤੀ ਵਿਚ ਵਾਧਾ ਕਰ ਦਿੱਤਾ ਤਾਂ ਵੀ ਉਹ ਸਿੱਖ ਹਿਰਦਿਆਂ ਵਿਚ ਆਜ਼ਾਦੀ ਦੀ ਜਵਾਲਾ ਨੂੰ ਦਬਾ ਨਾ ਸਕੇ। ੧੮੭੨ ਵਿਚ ਬਾਬਾ ਰਾਮ ਸਿੰਘ ਜੀ ਨੇ ਸਿੱਖ ਕੌਮ ਦੇ ਜਜ਼ਬਾਤ ਦੀ ਤਰਜਮਾਨੀ ਕਰਦਿਆਂ ਆਜ਼ਾਦੀ ਦਾ ਬੀੜਾ ਉਠਾਇਆ, ਜਿਸ ਕਾਰਨ ਉਨ੍ਹਾਂ ਦੇ ੬੫ ਅਨੁਆਈਆਂ ਨੂੰ ਮਲੇਰ ਕੋਟਲੇ ਵਿਖੇ ਸ਼ਰ੍ਹੇਆਮ ਤੋਪ ਦੇ ਗੋਲਿਆਂ ਨਾਲ ਉਡਾ ਦਿੱਤਾ ਗਿਆ ਅਤੇ ਬਾਬਾ ਰਾਮ ਸਿੰਘ ਜੀ ਨੂੰ ਦੇਸ਼-ਨਿਕਾਲਾ ਦੇ ਦਿੱਤਾ ਗਿਆ। ਪਰੰਤੂ, ਆਜ਼ਾਦੀ ਦੀ ਇਹ ਸ਼ਮ੍ਹਾ ਫਿਰ ਵੀ ਰੌਸ਼ਨ ਹੀ ਰਹੀ। ਸੁਤੰਤਰਤਾ ਦੇ ਇਸ ਸੰਘਰਸ਼ ਵਿਚ ਸਿੰਘਾਂ ਦੇ ਸਾਧਨ ਮੁਕਾਬਲਤਨ ਬਹੁਤ ਹੀ ਥੋੜ੍ਹੇ ਹੋਣ ਕਾਰਨ ਅਤੇ ਜਿੱਤ ਦੀ ਆਸ ਨਾਂ-ਮਾਤਰ ਹੋਣ ਦੇ ਬਾਵਜੂਦ ਆਜ਼ਾਦੀ ਦਾ ਜਜ਼ਬਾ ਹਰ ਸਿੱਖ ਦੇ ਹਿਰਦੇ ਵਿਚ ਅੰਗੜਾਈਆਂ ਲੈਂਦਾ ਰਿਹਾ।

ਸਿੰਘਾਂ ਨੇ ਹੁਣ ਇਕ ਹੋਰ ਪਾਸਿਓਂ ਆਜ਼ਾਦੀ ਦਾ ਬਿਗਲ ਬਜਾ ਦਿੱਤਾ। ਉਤਰੀ ਅਮਰੀਕਾ ਦੇ ਪੱਛਮੀ ਤੱਟ ਤੇ ਰਹਿਣ ਵਾਲੇ ਕੁਝ ਕੁ ਸਿੱਖਾਂ ਨੇ 'ਗ਼ਦਰ ਪਾਰਟੀ' ਨਾਂ ਦੀ ਜਥੇਬੰਦੀ ਬਣਾ ਕੇ ਆਜ਼ਾਦੀ ਦੇ ਪੰਧ ਤੇ ਇਕ ਨਵਾਂ ਮੀਲ ਪੱਥਰ ਗੱਡ ਦਿੱਤਾ। ਸੋ ਗ਼ਦਰੀ ਬਾਬੇ ਐਸ. ਐਸ. ਕਾਮਾਗਾਟਾਮਾਰੂ ਰਾਹੀਂ ਬਜ ਬਜ ਘਾਟ ਪਹੁੰਚੇ, ਉਨ੍ਹਾਂ ਵਿਚੋਂ ਬਹੁਤ ਵੱਡੀ ਗਿਣਤੀ ਸਿੱਖਾਂ ਦੀ ਹੀ ਸੀ। ਉਨ੍ਹਾਂ ਵਿਚੋਂ ਬਹੁਤ ਸਾਰੇ ਪਕੜੇ ਜਾਣ ਉਪਰੰਤ ਤੋਪਾਂ ਨਾਲ ਉਡਾ ਦਿੱਤੇ ਗਏ ਅਤੇ ਬਾਕੀ ਦੇ ਕੁਝ ਕੁ ਸਿੱਖ ਆਜ਼ਾਦੀ ਦੇ ਪਰਵਾਨੇ ਦੇਸ਼ ਵਾਸੀਆਂ ਨੂੰ ਆਜ਼ਾਦੀ ਦਾ ਪੈਗ਼ਾਮ ਦੇਣ ਲਈ ਬਚ ਨਿਕਲੇ। ਇਥੇ ਇਹ ਦੱਸਣਾ ਉਚਿਤ ਹੀ ਹੋਵੇਗਾ ਕਿ ਲਾਲਾ ਹਰਦਿਆਲ ਅਤੇ ਭਾਈ ਪਰਮਾਨੰਦ ਵੀ ਗ਼ਦਰ ਪਾਰਟੀ ਦੇ ਮੋਢੀਆਂ ਵਿਚੋਂ ਸਨ। ਪਰੰਤੂ, ਜਦ ਸਿੱਖ ਗਦਰੀ ਬਾਬੇ ਫਾਂਸੀ ਦੇ ਰੱਸਿਆਂ ਨੂੰ ਚੁੰਮ ਰਹੇ ਸਨ ਤਾਂ ਹਰਦਿਆਲ ਹੋਰੀ ਤਾਂ ਅਮਰੀਕਾ ਟਿੱਪ ਗਏ ਅਤੇ ਭਾਈ ਪਰਮਾਨੰਦ ਨੇ ਆਪਣੀ ਜਾਨ ਬਚਾਣ ਲਈ ਸਰਕਾਰ ਤੋਂ ਲਿਖਤੀ ਮੁਆਫ਼ੀ ਮੰਗ ਲਈ।

ਹੁਣ ਤਕ ਸਿੰਘਾਂ ਨੂੰ ਆਜ਼ਾਦੀ ਦੀ ਜਦੋ-ਜਹਿਦ ਵਿਚ ਕੋਈ ਮਹੱਤਵ ਪੂਰਨ ਸਫਲਤਾ ਨਾ ਮਿਲ ਸਕਣ ਦੇ ਦੋ ਵੱਡੇ ਕਾਰਨ ਸਨ। ਇਕ ਸੀ ਵਸੀਲਿਆਂ ਦੀ ਘਾਟ ਅਤੇ ਦੂਜਾ ਸਿੰਘਾਂ ਦੀ ਆਪਣੀ ਜਥੇਬੰਦੀ ਨਾ ਹੋਣਾ। ਇਸ ਦੇ ਇਲਾਵਾ ਹਿੰਮਤ ਅਤੇ ਹੌਸਲੇ ਦੀ ਕਮੀ ਕਾਰਨ ਗ਼ੈਰ-ਸਿੱਖ ਫ਼ਿਰਕਿਆਂ, ਵਿਸ਼ੇਸ਼ ਕਰ ਹਿੰਦੂਆਂ



www.AKJ.Org

ਵਲੋਂ ਭਰਪੂਰ ਮਿਲਵਰਤਣ ਨਾ ਮਿਲ ਸਕਣ ਕਾਰਨ ਵੀ ਸਿਖ ਕੌਮ ਦਾ ਆਜ਼ਾਦੀ ਲਈ ਸੰਘਰਸ਼ ਹੁਣ ਤਕ ਪਰਵਾਨ ਨਹੀਂ ਸੀ ਚੜ੍ਹ ਸਕਿਆ।

੧੪ ਦਸੰਬਰ ੧੯੨੦ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸੰਗਠਨ ਦੁਆਰਾ ਸਿੱਖ ਕੌਮ ਦੀ ਇਕ ਬਹੁਤ ਵੱਡੀ ਜ਼ਰੂਰਤ ਪੂਰੀ ਹੋ ਗਈ। ਹੁਣ ਸਿੰਘਾਂ ਕੋਲ ਆਪਣੀ ਨਵੇਕਲੀ ਜਥੇਬੰਦੀ ਵੀ ਸੀ ਅਤੇ ਨਵੇਕਲਾ ਪ੍ਰੋਗਰਾਮ ਵੀ। ਭਾਵੇਂ ਸਿੱਖ ਗੁਰਦੁਆਰਾ ਸਾਹਿਬਾਨ ਨੂੰ ਭ੍ਰਿਸ਼ਟ ਮਹੰਤਾਂ ਦੇ ਚੁੰਗਲ ਤੋਂ ਆਜ਼ਾਦ ਕਰਾਉਣਾ ਇਸ ਪ੍ਰੋਗਰਾਮ ਦਾ ਮੁਖ ਉਦੇਸ਼ ਸੀ, ਪਰੰਤੂ, ਇਸ ਸੰਘਰਸ਼ ਨਾਲ ਸਿੰਘਾਂ ਵਲੋਂ ਆਜ਼ਾਦੀ ਦਾ ਲੜੀ ਜਾ ਰਹੀ ਲੜਾਈ ਦਾ ਵੀ ਬੜਾ ਡੂੰਘਾ ਤੇ ਮਹੱਤਵ ਪੂਰਨ ਸੰਬੰਧ ਸੀ। ਸਿੱਖ ਕੌਮ ਵਿਚ ਇਕ ਰਵਾਇਤ ਚਲੀ ਆ ਰਹੀ ਹੈ ਕਿ ਉਹ ਉਤਨੀ ਹੀ ਆਜ਼ਾਦ ਅਤੇ ਸੁਤੰਤਰ ਮੰਨੀ ਜਾਂਦੀ ਹੈ, ਜਿਤਨੇ ਸੁਤੰਤਰ ਉਸ ਦੇ ਕੌਮੀ ਕੇਂਦਰ, ਅਰਥਾਤ ਪਵਿੱਤਰ ਗੁਰਦੁਆਰੇ ਹੁੰਦੇ ਹਨ। ਇਹ ਪਵਿੱਤਰ ਅਸਥਾਨ ਹਮੇਸ਼ਾਂ ਸਿੱਖ ਕੌਮ ਲਈ ਸ਼ਕਤੀ ਅਤੇ ਉਤਸ਼ਾਹ ਦੇ ਸੋਮੇ ਰਹ ਹਨ ਅਤੇ ਇਹ ਮੁੱਢ ਤੋਂ ਹੀ ਸਿੱਖ ਕੌਮ ਦੇ ਇਤਿਹਾਸ ਵਿਚ ਬੜੀ ਮਹੱਤਵ ਪੂਰਨ ਭੂਮਿਕਾ ਨਿਭਾਉਂਦੇ ਚਲੇ ਆਏ ਹਨ।

ਇੰਡੀਅਨ ਨੈਸ਼ਨਲ ਕਾਂਗਰਸ ਦਾ ਨੀਂਹ ਪੱਥਰ ੧੮੮੫ ਵਿਚ ਇਕ ਅੰਗਰੇਜ਼ ਨੇ ਰੱਖਿਆ ਸੀ ਅਤੇ ਆਉਂਦੇ ਕਈ ਸਾਲਾਂ ਤਕ ਇਸ ਦਾ ਰੋਲ ਸਰਕਾਰ ਨੂੰ ਸਰਕਾਰੀ ਪ੍ਰਬੰਧ ਵਿਚ ਕੁਝ ਕੁ ਸਾਧਾਰਨ ਅਤੇ ਮਾਮੂਲੀ ਤਬਦੀਲੀਆਂ ਕਰਨ ਦੀਆਂ ਬੇਨਤੀਆਂ ਤਕ ਹੀ ਸੀਮਤ ਰਿਹਾ। ਪਰੰਤੂ, ਇਸ ਦੇ ਵਿਪਰੀਤ ਇਸ ਦੇ ਵਜੂਦ ਵਿਚ ਆਉਣ ਤੋਂ ਕਿਤੇ ਪਹਿਲਾਂ, ੧੮੭੨ ਵਿਚ ਨਾਮਧਾਰੀ ਸਿੰਘਾਂ ਨੇ ਸਰਕਾਰ ਦਾ ਭਰਪੂਰ ਅਤੇ ਖੁਲ੍ਹੇ ਆਮ ਵਿਰੋਧ ਕਰਨਾ ਅਰੰਭ ਦਿੱਤਾ, ਜਿਸ ਕਾਰਨ ਮਲੇਰ ਕੋਟਲੇ ਵਿਚ ੬੫ ਨਾਮਧਾਰੀ ਸਿੰਘਾਂ ਨੂੰ ਤੋਪ ਦੇ ਗੋਲਿਆਂ ਦਾ ਸ਼ਿਕਾਰ ਹੋਣਾ ਪਿਆ। ਜਦ ਕਾਂਗਰਸ ਨੇ ਅਜੇ ਇਸ ਬਾਰੇ ਸੋਚਿਆ ਤਕ ਵੀ ਨਹੀਂ ਸੀ, ਤਾਂ ਨਾਮਧਾਰੀ ਸਿੰਘ ਸ਼ੁੱਧ ਖੱਦਰ ਪਹਿਨਦੇ ਸਨ ਅਤੇ ਉਦੋਂ ਤੋਂ ਲੈ ਕੇ ਹੁਣ ਤਕ ਪਹਿਨਦੇ ਚਲੇ ਆ ਰਹੇ ਹਨ। ਉਹ ਨਾ ਤਾਂ ਸਰਕਾਰ ਦੀ ਨੌਕਰੀ ਕਰਦੇ ਸਨ ਅਤੇ ਨਾ ਹੀ ਆਪਣੇ ਫ਼ੈਸਲਿਆਂ ਲਈ, ਸਰਕਾਰੀ ਅਦਾਲਤਾਂ ਦੇ ਦਰਵਾਜ਼ਿਆਂ ਤੇ ਦਸਤਕ ਦੇਂਦੇ ਸਨ। ਆਪਣੇ ਝਗੜੇ ਨਿਪਟਾਣ ਲਈ ਨਾਮਧਾਰੀ ਸਿੰਘਾਂ ਨੇ ਆਪਣੀਆਂ ਪੰਚਾਇਤਾਂ ਬਣਾ ਲਈਆਂ ਸਨ ਅਤੇ ਡਾਕ ਤਾਰ ਦੀ ਆਵਾਜਾਈ ਲਈ ਵੀ ਆਪਣੇ ਹਰਕਾਰੇ ਮੁਕੱਰਰ ਕਰ ਰਖੇ ਸਨ। ਕਾਂਗਰਸ ਦੇ ਬਾਅਦ ਦੇ ਸਾਰੇ ਪ੍ਰੋਗਰਾਮਾਂ ਦਾ ਮੂਲ ਅਧਾਰ ਨਾਮਧਾਰੀ ਸਿੰਘਾਂ ਦੇ ਇਹ ਪ੍ਰੋਗਰਾਮ ਹੀ ਰਹੇ ਹਨ ਅਤੇ ਉਹ ਇਸ ਵਿਚ ਕੋਈ ਵੀ ਬੜ੍ਹੋਤੀ ਨਹੀਂ ਕਰ ਸਕੀ।

੧੯੦੭ ਵਿਚ ਸ: ਅਜੀਤ ਸਿੰਘ, ਸ ਕਿਸ਼ਨ ਸਿੰਘ ਅਤੇ ਹੋਰ ਅਨੇਕ ਸਿੰਘਾਂ ਨੇ ਆਜ਼ਾਦੀ ਦੀ ਲੜਾਈ ਵਿਚ ਜੋ ਮਹੱਤਵ ਪੂਰਨ ਹਿੱਸਾ ਪਾਇਆ, ਉਹ ਇਤਿਹਾਸ ਦਾ ਹੁਣ ਇਕ ਗੌਰਵਮਈ ਅੰਗ ਹੈ। ਇਸ ਤਰ੍ਹਾਂ ੧੯੧੨-੧੩ ਵਿਚ ਗ਼ਦਰੀ ਬਾਬਿਆਂ ਦੀ ਕਮਾਈ ਨੇ ਇਸ ਨੂੰ ਹੋਰ ਵੀ ਬਲ ਬਖਸ਼ਿਆ। ਜਿਸ ਤਰ੍ਹਾਂ ਦਸਿਆ ਜਾ ਚੁਕਾ ਹੈ, ਇਹਨਾਂ ਗਦਰੀ ਬਾਬਿਆਂ ਵਿਚੋਂ ਬਹੁ ਗਿਣਤੀ ਸਿੰਘਾਂ ਦੀ ਹੀ ਸੀ, ਜੋ ਦੇਸ਼ ਅਤੇ ਕੌਮ ਦੀ ਖ਼ਾਤਰ ਹੱਸ ਹੱਸ ਫਾਂਸੀ ਦੇ ਤਖਤਿਆਂ ਤੇ ਲਟਕ ਗਏ। ੧੯੧੯ ਵਿਚ ਸਿੰਘਾਂ ਨੇ ਮਾਰਸ਼ਲ-ਲਾ ਦੀਆਂ ਧੱਜੀਆਂ ਉਡਾ ਦਿੱਤੀਆਂ ਅਤੇ ਜਲ੍ਹਿਆਂ ਵਾਲੇ ਬਾਗ ਦੇ ਗੋਲੀ ਕਾਂਡ ਵਿਚ ਮਰਨ ਵਾਲਿਆਂ ਦੀ ਬਹੁ ਗਿਣਤੀ ਵੀ ਸਿੰਘਾਂ ਦੀ ਹੀ ਸੀ।

ਜਦ ੧੯੨੧ ਵਿਚ ਗਾਂਧੀ ਜੀ ਨੇ ਨਾ-ਮਿਲਵਰਤਣ ਲਹਿਰ ਦਾ ਸੱਦਾ ਦਿੱਤਾ ਤਾਂ ਹੁਸ਼ਿਆਰਪੁਰ ਜ਼ਿਲੇ ਦਾ ਰੁੜਕੀ ਪਿੰਡ ਹੀ ਇਕ ਐਸੀ ਜਗ੍ਹਾ ਸੀ, ਜਿਸ ਵਿਚ ਸਿੰਘਾਂ ਨੇ ਤਾਂ ਲੰਬਰਦਾਰੀਆਂ ਤਿਆਗ ਦਿੱਤੀਆਂ, ਪਰੰਤੂ, ਹਿੰਦੂਆਂ ਅਤੇ ਮੁਸਲਮਾਨਾਂ ਨੇ ਐਸਾ ਕਰਨ ਤੋਂ ਸਾਫ ਇਨਕਾਰ ਕਰ ਦਿਤਾ। ਇਸ ਤੋਂ ਪਹਿਲਾਂ ਬੱਬਰ ਅਕਾਲੀਆਂ ਦੀ ਲਹਿਰ ਨੇ ਤਾਂ ਉੱਤਰ ਪੱਛਮੀ ਭਾਰਤ ਵਿਚ ਤਰਥੱਲੀ ਮਚਾ ਦਿਤੀ ਸੀ।


www.AKJ.Org

ਇਸ ਨਿਰੋਲ ਸਿੱਖ ਸੰਸਥਾ ਦੇ ਡਰ ਕਾਰਨ ਕੋਈ ਵੀ ਝੋਲੀਚੁਕ ਸੁਤੰਤਰਤਾ ਸੰਗਰਾਮੀਆਂ ਦੇ ਮੁਕਦੱਮਿਆਂ ਵਿਚ ਉਹਨਾਂ ਵਿਰੁਧ ਗਵਾਹੀ ਦੇਣ ਤਕ ਦਾ ਹੌਸਲਾ ਨਹੀਂ ਸੀ ਕਰਦਾ ਹੁੰਦਾ।

'ਗੁਰਦਵਾਰਾ ਸੁਧਾਰ ਲਹਿਰ' ਦਾ ਮੂਲ ਮੰਤਵ ਤਾਂ ਭਾਵੇਂ ਗੁਰਦਵਾਰਾ ਸਾਹਿਬਾਨ ਦੇ ਪ੍ਰਬੰਧ ਨੂੰ ਭ੍ਰਿਸ਼ਟ ਮਹੰਤਾਂ ਤੋਂ ਮੁਕਤ ਕਰਵਾਣਾ ਸੀ, ਜਿਹੜੇ ਅੰਗਰੇਜ਼ ਹਾਕਮਾਂ ਦੀ ਪੁਸ਼ਤ ਪਨਾਹੀ ਕਾਰਨ ਸਮੁੱਚੀ ਸਿੱਖ ਕੌਮ ਦੇ ਜਜ਼ਬਾਤ ਨਾਲ ਖੇਡ ਰਹੇ ਸਨ, ਪਰੰਤੂ, ਰਾਜਨੀਤਕ ਪੱਧਰ ਤੇ ਵੀ ਇਸ ਲਹਿਰ ਦੇ ਦੂਰ-ਦਰਸ਼ੀ ਨਤੀਜੇ ਉਭਰ ਕੇ ਸਾਹਮਣੇ ਆਏ। ਇਸ ਲਹਿਰ ਵਿਚ ਸਿੰਘਾਂ ਦੀ ਭਰਪੂਰ ਕਾਮਯਾਬੀ ਨੇ ਸ਼ਕਤੀਸ਼ਾਲੀ ਅੰਗਰੇਜ਼ੀ ਸਾਮਰਾਜ ਨੂੰ ਹਿੰਦੁਸਤਾਨ ਵਿਚ ਪਹਿਲੀ ਵਾਰੀ ਗੋਡੇ ਟੇਕਣ ਤੇ ਮਜਬੂਰ ਕਰ ਕੇ ਉਸ ਦੇ ਸਰ ਨਾ ਕੀਤੇ ਜਾ ਸਕਣ ਵਾਲੇ ਢੋਲ ਦੇ ਪੋਲ ਨੂੰ ਖੋਲ੍ਹ ਦਿੱਤਾ, ਇਸ ਕਾਰਨ ਸੁਤੰਤਰਤਾ-ਸੰਗਰਾਮ ਨੂੰ ਕਿਤੇ ਵਧੇਰੇ ਬਲ ਮਿਲ ਸਕਿਆ। ਇਸ ਹਕੀਕਤ ਨੂੰ ਉਸ ਸਮੇਂ ਮਿਸਟਰ ਗਾਂਧੀ ਨੇ ਵੀ ਸਵੀਕਾਰ ਕੀਤਾ ਸੀ।

ਅਕਾਲੀ ਲਹਿਰ ਦੇ ਦੌਰਾਨ ਅੰਗਰੇਜ਼ ਹਕੂਮਤ ਦੇ ਅਤਿਆਚਾਰਾਂ ਦਾ ਮੁਕਾਬਲਾ ਸਿੰਘਾਂ ਨੇ ਜਿਸ ਬੇਮਿਸਾਲ ਦਲੇਰੀ ਅਤੇ ਦ੍ਰਿੜ੍ਹਤਾ ਨਾਲ ਕੀਤਾ, ਉਸ ਨੇ ਉਹਨਾਂ ਸੰਗਰਾਮੀਆ ਦੇ ਮੁਰਦਾ ਦਿਲਾਂ ਵਿਚ ਇਕ ਨਵੀਂ ਜ਼ਿੰਦਗੀ ਦੀ ਰੂਹ ਫੂਕ ਦਿੱਤੀ, ਜਿਹੜੇ ਚੌਰ ਚੌਤਾ ਵਿਚ ਆਪਣੀ ਮੁਕੰਮਲ ਹਾਰ ਤੋਂ ਬਾਅਦ ਬਿਲਕੁਲ ਸਾਹ-ਸਤ-ਹੀਨ ਹੋਏ ਬੈਠੇ ਸਨ।

ਮਦਨ ਮੋਹਨ ਮਾਲਵੀਆ ਤਾਂ ਸਿੰਘਾਂ ਦੀ ਕਥਨੀ ਤੇ ਕਰਨੀ ਤੋਂ ਇਤਨਾ ਪ੍ਰਭਾਵਿਤ ਹੋਇਆ ਸੀ ਕਿ ਉਸ ਨੇ ਹਿੰਦੂਆਂ ਨੂੰ ਇਸ ਗੱਲ ਲਈ ਪਰੇਰਿਆ ਕਿ ਜੇ ਉਹ ਬਦੇਸ਼ੀ ਹਕੂਮਤ ਦੀ ਗ਼ੁਲਾਮੀ ਤੋਂ ਮੁਕਤ ਹੋਣਾ ਚਾਹੁੰਦੇ ਹਨ ਤਾਂ ਫਿਰ ਹਰ ਹਿੰਦੂ ਘਰ ਨੂੰ ਘਟੋ ਘਟ ਆਪਣਾ ਇਕ ਪੁਤਰ ਸਿੰਘ ਸਜਾਉਣਾ ਚਾਹੀਦਾ ਹੈ। ਹਿੰਦੂਆਂ ਵਲੋਂ ਸਿੰਘਾਂ ਨੂੰ ਇਤਨੀ ਵੱਡੀ ਸ਼ਰਧਾਂਜਲੀ ਸ਼ਾਇਦ ਅੱਜ ਤਕ ਹੋਰ ਕਦੇ ਨਹੀਂ ਦਿੱਤੀ ਗਈ। ਇਸੇ ਲਹਿਰ ਦੇ ਜੈਤੋ ਦੇ ਮੋਰਚੇ ਵਿਚ ਸਿੰਘਾਂ ਦੀਆਂ ਚੜ੍ਹਦੀਆਂ ਕਲਾਂ ਨੂੰ ਵੇਖ ਕੇ ਜਵਾਹਰ ਲਾਲ ਨਹਿਰੂ ਤਕ ਵੀ ਉਹਨਾਂ ਦੇ ਪੂਰਨਿਆਂ ਤੇ ਚਲਣ ਨੂੰ ਉਤੇਜਿਤ ਹੋ ਉਠਿਆ ਅਤੇ ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਜਦ ਸੀ. ਐਫ. ਏਂਡ੍ਰੀਉਜ਼ ਨੇ ਸਿੰਘਾਂ ਦੇ ਕਿਰਦਾਰ ਨੂੰ ਅੱਖੀਂ ਡਿਠਾ ਤਾਂ ਉਹ ਕਹਿ ਉਠਿਆ, 'ਮੈਨੂੰ ਤਾਂ ਇਹਨਾਂ ਵਿਚ ਈਸਾ ਦੀ ਰੂਹ ਸਪੱਸ਼ਟ ਵਿਚਰ ਰਹੀ ਨਜ਼ਰ ਆ ਰਹੀ ਹੈ।'

ਜੱਲ੍ਹਿਆਂ ਵਾਲੇ ਬਾਗ਼ ਵਿਖੇ ਜਨਰਲ ਡਾਇਰ ਦੀ ਗੋਲੀ ਦਾ ਸ਼ਿਕਾਰ ਹੋਏ, ਉਹਨਾਂ ਹਜ਼ਾਰਾਂ ਨਿਹੱਥੇ ਤੇ ਮਾਸੂਮ ਲੋਕਾਂ ਦਾ ਬਦਲਾ ਵੀ ਇਕ ਸਿੱਖ ਊਧਮ ਸਿੰਘ ਸੁਨਾਮ ਵਾਲੇ ਨੇ ਹੀ ਲਿਆ, ਜੋ ਪੂਰੇ ੨੧ ਸਾਲਾਂ ਤੋਂ ਬਾਅਦ ਵੀ ਉਹਨਾਂ ਮਾਸੂਮਾਂ ਦੀਆਂ ਸਿਸਕੀਆਂ ਦੀ ਯਾਦ ਨੂੰ ਭੁਲਾ ਨਾ ਸਕਿਆ ਅਤੇ ਅੰਤ ਨੂੰ ਉਹਨਾਂ ਦੇ ਕਾਤਲ ਡਾਇਰ ਨੂੰ ਐਨ ਉਸ ਦੇ ਘਰ ਇੰਗਲੈਂਡ ਵਿਖੇ ਜਾ ਮਾਰਿਆ ਤੇ ਇਸ ਤਰ੍ਹਾਂ ਇਕ ਪੁਰਾਣਾ ਬਦਲਾ ਜਾ ਚੁਕਾਇਆ। ਸ: ਭਗਤ ਸਿੰਘ ਵੀ ਇਕ ਸਿੰਘ ਹੀ ਸੀ ਜੋ ਹਿੰਦੁਸਤਾਨ ਦੀ ਆਜ਼ਾਦੀ ਦੀ ਖ਼ਾਤਰ ਖਿੜੇ ਮੱਥੇ ਫਾਂਸੀ ਦੇ ਤਖ਼ਤੇ ਤੇ ਚੜ੍ਹ ਗਿਆ, ਭਾਵੇਂ ਗਾਂਧੀ-ਇਰਵਨ ਪੈਕਟ ਸਮੇਂ ਉਸ ਮਹਾਨ ਦੇਸ਼ ਭਗਤ ਦੇ ਹਿੱਤਾਂ ਨਾਲ ਪੂਰੀ ਤਰ੍ਹਾਂ ਧਰੋਹ ਕਮਾਇਆ ਗਿਆ। ਅੱਜ ਉਸ ਦੇ ਪੱਥਰ ਦੇ ਬੁਤ ਇਸ ਧਰੋਹ ਦੀ ਕਦਾਚਿਤ ਤਲਾਫੀ ਨਹੀਂ ਕਰ ਸਕਦੇ, ਭਾਵੇਂ ਉਹ ਸੌ ਹੋਣ ਜਾਂ ਹਜ਼ਾਰ। ਇਸੇ ਤਰ੍ਹਾਂ ੧੯੩੧ ਵਿਚ ਜਦ ਕੁਝ ਸੁਤੰਤਰ ਸੰਗਰਾਮੀਆਂ ਨੂੰ ਅੰਡੇਮਾਨ ਤੋਂ ਲਿਜਾਇਆ ਜਾ ਰਿਹਾ ਸੀ ਤਾਂ ਸਰਦਾਰ ਰਤਨ ਸਿੰਘ ਅਤੇ ਉਸ ਦੇ ਕੁਝ ਕੁ ਸਿੰਘ ਸਾਥੀਆਂ ਨੇ ਬਹੁਤ ਸਾਰੇ ਅੰਗਰੇਜ਼ ਅਫ਼ਸਰਾਂ ਨੂੰ ਮਾਰ ਕੇ ਦੇਸ਼ ਦੀ ਆਜ਼ਾਦੀ ਪ੍ਰਤੀ ਆਪਣੀਆਂ ਤੀਬਰ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ, ਭਾਵੇਂ ਬਾਅਦ ਵਿਚ ਇਹਨਾਂ ਸਿੰਘਾਂ ਨੂੰ ਇਸ ਦੀ ਭਾਰੀ ਕੀਮਤ ਆਪਣੀਆਂ ਜਾਨਾਂ ਦੇ ਕੇ ਚੁਕਾਣੀ ਪਈ।

ਇਸ ਪ੍ਰਕਾਰ ਆਜ਼ਾਦ ਹਿੰਦ ਫੌਜ ਨੂੰ ਪਹਿਲੇ ਪਹਿਲ ਕਾਇਮ ਕਰਨ ਵਾਲਾ ਵੀ ਇਕ ਸਿੱਖ ਸਰਦਾਰ



www.AKJ.Org

ਮੋਹਨ ਸਿੰਘ ਹੀ ਸੀ ਅਤੇ ਇਸ ਫੌਜ ਵਿਚ ਸ਼ਾਮਲ ਹੋਣ ਵਾਲੇ ਫੌਜੀਆਂ ਦੀ ਬਹੁ-ਗਿਣਤੀ ਵੀ ਸਿੱਖਾਂ ਦੀ ਹੀ ਸੀ। ਜਰਮਨੀ, ਜਪਾਨ ਅਤੇ ਇਟਲੀ ਵਿਚ ਵਿਦਰੋਹੀ ਫੌਜੀ ਪਲਟਣਾਂ ਨੂੰ ਕਾਇਮ ਕਰਨ ਵਾਲੇ ਵੀ ਸਿੱਖ ਹੀ ਸਨ, ਜਿਨ੍ਹਾਂ ਨੇ ਬਾਅਦ ਵਿਚ ਭਾਰਤ ਦੀ ਆਜ਼ਾਦੀ ਲਈ ਮਹੱਤਵ ਪੂਰਨ ਭੂਮਿਕਾ ਨਿਭਾਈ। ਇਸੇ ਤਰ੍ਹਾਂ ਬੰਬਈ ਵਿਚ ਮੈਰੀਨ ਰੀਵੋਲਟ ਅਤੇ ਜਬਲਪੁਰ ਵਿਖੇ ਸਿਗਨਲ ਰੈਜਮੈਂਟ ਦੀ ਬਗ਼ਾਵਤ ਪਿਛੇ ਵੀ ਸਿੱਖ ਫੌਜੀਆਂ ਦਾ ਹੀ ਹੱਥ ਸੀ।

੧੯੪੨ ਵਿਚ 'ਕੁਇਟ ਇੰਡੀਆ' ਲਹਿਰ ਦੇ ਦੌਰਾਨ ਕਾਂਗਰਸ ਵਲੋਂ ਦਿੱਤੇ ਆਦੇਸ਼ਾਂ ਦੀ ਪੂਰਤੀ ਲਈ ਤੋੜ-ਫੋੜ ਦੀਆਂ ਕਾਰਵਾਈਆਂ ਵਿਚ ਸਿੰਘਾਂ ਨੇ ਸਭ ਤੋਂ ਵੱਧ ਚੜ੍ਹ ਕੇ ਹਿੱਸਾ ਪਾਇਆ, ਭਾਵੇਂ ਬਾਅਦ ਵਿਚ ਉਹਨਾਂ ਹੀ ਕਾਂਗਰਸੀ ਲੀਡਰਾਂ ਨੇ ਇਸ ਦੀ ਜ਼ੁਮੇਵਾਰੀ ਨੂੰ ਸਵੀਕਾਰ ਕਰਨ ਤੋਂ ਸਾਫ਼ ਇਨਕਾਰ ਕਰ ਦਿਤਾ।

ਸੋ ਜ਼ਾਹਿਰ ਹੈ ਕਿ ਦੇਸ਼ ਦੀ ਆਜ਼ਾਦੀ ਦੀ ਲੜਾਈ ਦਾ ਕੋਈ ਵੀ ਫ਼ਰੰਟ ਐਸਾ ਨਹੀਂ, ਜਿਸ ਦੇ ਹਰ ਮੁਹਾਜ਼ ਤੇ ਸਿੱਖ ਕੌਮ ਨੇ ਸਭ ਤੋਂ ਵਧ ਚੜ੍ਹ ਕੇ ਹਿੱਸਾ ਨਾ ਪਾਇਆ ਹੋਵੇ। ਇਸ ਦੀਆਂ ਜਾਨੀ ਅਤੇ ਮਾਲੀ ਕੁਰਬਾਨੀਆਂ ਹੋਰਨਾਂ ਕੌਮਾਂ ਦੇ ਮੁਕਾਬਲੇ ਕਿਤੇ ਵਧ ਹਨ। ਭਾਵੇਂ ਸਿੱਖ ਕੌਮ ਦੀ ਗਿਣਤੀ ਉਸ ਸਮੇਂ ਦੇਸ਼ ਦੀ ਕੁਲ ਆਬਾਦੀ ਦਾ ਕੇਵਲ ੧.੫ ਫੀ ਸਦੀ ਹੀ ਸੀ ਤਾਂ ਵੀ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਵਿੱਚ ਇਸ ਦਾ ਹਿੱਸਾ ੯੦ ਫੀ ਸਦੀ ਤੋਂ ਵੀ ਉੱਪਰ ਹੈ। ੧੯੪੨-੪੩ ਦੀ ਕੁਇਟ ਇੰਡੀਆ ਲਹਿਰ ਦੇ ਸੰਬੰਧ ਵਿਚ ਸਮੇਂ ਦੀ ਹਕੂਮਤ ਨੇ ਵੱਡੀ ਪੱਧਰ ਤੇ ਜੋ ਗ੍ਰਿਫ਼ਤਾਰੀਆਂ ਕੀਤੀਆਂ, ਉਸ ਪਕੜ-ਧਕੜ ਵਿਚ ਤਿੰਨ ਚੌਥਾਈ ਸਿੰਘਾਂ ਦੀ ਸੀ, ਭਾਵੇਂ ਉਸ ਸਮੇਂ ਪੰਜਾਬ ਵਿਚ ਇਨ੍ਹਾਂ ਦੀ ਆਬਾਦੀ ਕੇਵਲ ੧੩ ਫੀ ਸਦੀ ਸੀ।

ਆਜ਼ਾਦੀ ਦੀ ਲੜਾਈ ਵਿਚ ਸਿੰਘਾਂ ਅਤੇ ਗ਼ੈਰ-ਸਿੰਘਾਂ ਵਲੋਂ ਕੀਤੀਆਂ ਕੁਰਬਾਨੀਆਂ ਦੀ ਸਮੁੱਚੀ ਤਸਵੀਰ ਨੂੰ ਇਸ ਦੇ ਅਸਲੀ ਰੂਪ ਵਿਚ ਪੇਸ਼ ਕਰਨ ਵਾਸਤੇ ਜ਼ਰੂਰੀ ਸਮਝਿਆ ਗਿਆ ਹੈ ਕਿ ਇਸ ਦੇ ਅੰਕੜੇ ਇਕ ਚਾਰਟ ਦੀ ਸ਼ਕਲ ਵਿਚ ਦਿਤੇ ਜਾਣ। ਹੇਠ ਦਿੱਤਾ ਵੇਰਵਾ ਸੁਤੰਤਰਤਾ ਸੰਗਰਾਮ ਵਿਚ ਸਿੱਖ ਕੌਮ ਵਲੋਂ ਕੀਤੀਆਂ ਮਹਾਨ ਕੁਰਬਾਨੀਆਂ ਦੀ ਮੂੰਹ ਬੋਲਦੀ ਤਸਵੀਰ ਹੈ। ਸਮੁੱਚੀ ਵਸੋਂ ਦਾ ਕੇਵਲ ੧.੫ (ਡੇਢ) ਫੀ ਸਦੀ ਭਾਗ ਹੋਣ ਤੇ ਵੀ ਇਸ ਕੌਮ ਵਲੋਂ ਕੀਤੀਆਂ ਇਤਨੀਆਂ ਮਹਾਨ ਕੁਰਬਾਨੀਆਂ ਨੂੰ ਵੇਖ ਕੇ ਸਿੰਘਾਂ ਨੂੰ ਦੇਸ਼-ਧਰੋਹੀ ਕਹਿਣ ਵਾਲੇ ਅਰੁਨ ਸ਼ੋਰੀ ਦਾ ਸਿਰ ਸ਼ਰਮ ਨਾਲ ਝੁਕ ਜਾਣਾ ਚਾਹੀਦਾ ਹੈ। ਜੇ ਸੱਚ ਪੁਛੋ ਤਾਂ ਇਹ ਇਲਜ਼ਾਮ ਤਾਂ ਉਹਨਾਂ ਦੇ ਆਪਣੇ ਫ਼ਿਰਕੇ ਤੇ ਢੁਕਦਾ ਹੈ। ਜੋ ਕੁਲ ਵਸੋਂ ਦਾ ੮੦ ਫੀ ਸਦੀ ਤੋਂ ਵਧ ਭਾਗ ਹੁੰਦੇ ਹੋਏ ਵੀ ਕੁਲ ਕੁਰਬਾਨੀਆਂ ਵਿਚ ਕੇਵਲ ਦੋ ਫੀ ਸਦੀ ਹਿੱਸਾ ਹੀ ਪਾ ਸਕਿਆ। ਇਹਨਾਂ ਅੰਕੜਿਆਂ ਦੀ ਪੁਸ਼ਟੀ ਮੌਲਾਨਾ ਆਜ਼ਾਦ ਨੇ ਕੀਤੀ ਹੋਈ ਹੈ—

| ਨੰਬਰ | ਜੋ ਸਜ਼ਾ ਮਿਲੀ | ਸਿੱਖ | ਗ਼ੈਰ-ਸਿੱਖ | ਜੋੜ |
|---|---|---|---|---|
| ੧. | ਫਾਂਸੀ ਮਿਲੀ | ੯੩ | ੨੮ | ੧੨੧ |
| ੨. | ਆਜੀਵਨ ਕਾਰਾਵਾਸ (ਉਮਰ ਕੈਦ) | ੨੧੪੭ | ੪੯੯ | ੨੬੪੬ |
| ੩. | ਜਲ੍ਹਿਆਂ ਵਾਲੇ ਬਾਗ 'ਚ ਮਰੇ | ੭੯੯ | ੫੦੧ | ੧੩੦੦ |
| ੪. | ਬਜ-ਬਜ ਘਾਟ 'ਚ ਮਰੇ | ੬੭ | ੪੬ | ੧੧੩ |
| ੫. | ਕੂਕਾ ਲਹਿਰ 'ਚ ਮਰੇ | ੯੧ | — | ੯੧ |
| ੬. | ਅਕਾਲੀ ਲਹਿਰ 'ਚ ਮਰੇ | ੫੦੦ | — | ੫੦੦ |
| | ਕੁਲ ਜੋੜ | ੩੬੯੭ | ੧੦੭੪ | ੪੭੭੧ |



www.AKJ.Org

# ਕਉਣੁ-ਗੁਰੂ ?
# ਕੈ-ਪਹਿ-ਦੀਖਿਆ-ਲੇਵਾ ?

[ਸੁਕੈਡਰਨ ਲੀਡਰ ਭਾਈ ਸਾਹਿਬ ਰਾਮ ਸਿੰਘ ਜੀ, ਸ੍ਰੀ ਅੰਮ੍ਰਿਤਸਰ]

ਪਿਛਲੇ ਸਾਰੇ ਜੁਗਾਂ ਵੱਲ ਝਾਤੀ ਮਾਰੀਏ, ਉਨ੍ਹਾਂ ਜੁਗਾਂ ਵਿਚ ਅਵਤਰੇ ਪੀਰਾਂ, ਪੈਗੰਬਰਾਂ ਅਥਵਾ ਅਵਤਾਰਾਂ ਵੱਲ ਤੱਕੀਏ, ਅਤੇ ਫਿਰ ਕਲਜੁਗ ਦੇ ਅਵਤਾਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਕਰੀਏ, ਤਾਂ ਸਾਨੂੰ ਗੁਰੂ ਨਾਨਕ ਸਾਹਿਬ ਜੀ ਵਿਚ ਬਾਕੀ ਦੇ ਪੀਰਾਂ ਪੈਗੰਬਰਾਂ ਨਾਲੋਂ ਇਕ ਭਾਰੀ ਵਿਲੱਖਣਤਾ ਨਜ਼ਰ ਆਏਗੀ। ਉਹ ਵਿਲੱਖਣਤਾ ਇਹ ਹੈ ਕਿ ਗੁਰੂ ਨਾਨਕ ਸਾਹਿਬ ਹੀ ਇਕ ਐਸੇ ਅਵਤਾਰ ਹੋਏ ਹਨ ਜਿਨ੍ਹਾਂ ਦੀ ਜੋਤਿ ਤਕਰੀਬਨ ੨੩੦ ਬਰਸ ਤੱਕ ਦਸ ਮਨੁੱਖੀ ਜਾਮਿਆਂ ਵਿਚ ਹੋ ਕੇ ਵਿਚਰੀ, ਇਸ ਜੋਤਿ ਨੇ ਗੁਰਬਾਣੀ ਉਚਰੀ ਅਤੇ ਗੁਰਸਿੱਖੀ ਮਾਰਗ ਚਲਾਇਆ। ਗੁਰੂ ਨਾਨਕ ਸਾਹਿਬ, ਪਾਰਬ੍ਰਹਮ ਦਾ ਕਲਾ-ਕ੍ਰਿਸ਼ਮੀ ਰੂਪ ਕਹਾਏ (ਪਾਰਬ੍ਰਹਮਗੁਰਨਾਹੀਭੇਦ) (੧੧੪੨) । ਭਾਵ ਕਿ ਪਾਰਬ੍ਰਹਮ ਅਤੇ ਗੁਰੂ ਨਾਨਕ ਇੱਕੋ ਰੂਪ ਦੇ ਨਾਮ ਹਨ। ਜਾਂ ਇੰਜ ਕਹਿ ਲਉ ਕਿ ਪਾਰਬ੍ਰਹਮ ਨੇ ਗੁਰਬਾਣੀ ਉਚਰਨ ਲਈ ਗੁਰੂ ਨਾਨਕ ਸਾਹਿਬ ਜੀ ਦਾ ਰੂਪ ਧਾਰਨ ਕੀਤਾ। ਇਸ ਬਾਣੀ ਨੂੰ 'ਮਹਾਂ ਪੁਰਖ' ਕੀ ਬਾਣੀ ਕਹਿਆ। ਇਸ ਬਾਣੀ ਨੂੰ 'ਧੁਰ ਕੀ ਬਾਣੀ' ਕਹਿਆ। ਇਸ ਬਾਣੀ ਨੂੰ 'ਨਿਰੰਕਾਰ' ਕਹਿਆ। ਅਤੇ ਇਹ ਭੀ ਕਹਿਆ ਕਿ, ਆਪਿ˜ਨਰਾਇਣੁ˜ਕਲਾਧਾਰਿ˜ਜਗ˜ਮਹਿ˜ਪਰਵਰਿਯਉ ॥ (੧੩੯੫) ਭਾਵ ਕਿ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਅਤੇ ਗੁਰਬਾਣੀ, ਅਕਾਲ ਪੁਰਖ ਦਾ ਕਲਾ-ਕ੍ਰਿਸ਼ਮੀ ਪ੍ਰਗਟਾਵਾ (ਜ਼ਾਹਰਾ ਜ਼ਹੂਰ ਦਰਸ਼ਨ) ਹੈ।

ਗੁਰੂ ਨਾਨਕ ਸਾਹਿਬ ਜੀ ਨੇ ਪੰਜਵੇਂ ਜਾਮੇ ਵਿਚ (ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਰੂਪ ਵਿਚ) ਗੁਰਬਾਣੀ ਦੀਆਂ ਸੰਚੀਆਂ ਵਿਚੋਂ ਸਮੂਹ ਗੁਰਬਾਣੀ ਨੂੰ ਤਰਤੀਬਵਾਰ ਇਕੱਤਰ ਕਰ ਕ੍ਰੇ, ਪੋਥੀ (ਗ੍ਰੰਥ) ਦੇ ਰੂਪ ਵਿਚ (ਇਕ ਜਿਲਦ ਵਿਚ) ਇਸ ਨੂੰ ਸੁਸ਼ੋਭਤ ਕੀਤਾ। ਅਤੇ ਇਸ ਨੂੰ "ਪੋਥੀ˜ਪਰਮੇਸਰ˜ਕਾ˜ਥਾਨੁ" (੧੨੨੬) ਕਹਿਆ। ਭਾਵ ਕਿ ਪਰਮੇਸਰ ਇਸ ਪੋਥੀ ਵਿਚ ਹੈ। ਉਸ ਦੀ ਭਾਲ ਇਸ ਪੋਥੀ ਵਿਚੋਂ ਹੀ ਹੋ ਸਕਦੀ ਹੈ।

---

[੨੭ ਸਫ਼ੇ ਦੀ ਬਾਕੀ]

ਇਹ ਅੰਕੜੇ ਵਿਸ਼ੇਸ਼ ਮਹੱਤਤਾ ਦੇ ਧਾਰਨੀ ਹੋਣ ਤੇ ਵੀ, ਸਿੱਖ ਕੌਮ ਵਲੋਂ ਭਾਰਤ ਦੀ ਆਜ਼ਾਦੀ ਲਈ ਕੀਤੀਆਂ ਕੁਲ ਕੁਰਬਾਨੀਆਂ ਦਾ ਕੇਵਲ ਇਕ ਭਾਗ ਹੀ ਹਨ, ਕਿਉਂਕਿ ਇਹਨਾਂ ਵਿਚ ਉਹ ਕੁਰਬਾਨੀਆਂ ਸ਼ਾਮਲ ਨਹੀਂ ਜੋ ਸਿੰਘਾਂ ਨੇ ਆਜ਼ਾਦ ਹਿੰਦ ਫੌਜ, ਇੰਡੀਅਨ ਨੇਵੀ ਦੇ ਵਿਦ੍ਰੋਹ ਅਤੇ ੧੯੪੬ ਵਿਚ ਦਿੱਲੀ ਪੁਲੀਸ ਦੀ ਸਟਰਾਈਕ ਵੇਲੇ ਕੀਤੀਆਂ। ਆਜ਼ਾਦ ਹਿੰਦ ਫੌਜ ਵਿਚ ਸ਼ਾਮਲ ਹੋਣ ਵਾਲੇ ੨੦,੦੦੦ ਫੌਜੀਆਂ ਵਿਚੋਂ ਸੱਠ ਫੀ ਸਦੀ ਸਿੱਖ ਸਨ ਅਤੇ ਇਸ ਦੀ ਬੁਨਿਆਦ ਰੱਖਣ ਵਾਲਾ ਵੀ ਇਕ ਸਿੱਖ ਹੀ ਸੀ।

ਸੋ, ਸੁਤੰਤਰਤਾ ਸੰਗਰਾਮ ਦਾ ਇਕ ਵੀ ਐਸਾ ਪੱਖ ਨਹੀਂ, ਜਿਸ ਵਿਚ ਹਰ ਪੱਧਰ ਤੇ ਸਿੱਖ ਹਮੇਸ਼ਾ ਮੋਹਰਲੀ ਕਤਾਰ ਵਿਚ ਨਾ ਰਹੇ ਹੋਣ ਅਤੇ ਜਿਸ ਵਿਚ ਉਹਨਾਂ ਨੇ ਬਾਕੀ ਕੌਮਾਂ ਦੇ ਮੁਕਾਬਲੇ ਸਭ ਤੋਂ ਵਧ ਹਿੱਸਾ ਨਾ ਪਾਇਆ ਹੋਵੇ।

**[ਇਸ ਲੇਖ ਦੇ ਦੂਜੇ ਹਿੱਸੇ ਵਿਚ ਬੜੇ ਨਿੱਗਰ, ਠੋਸ ਤੇ ਅਕੱਟ ਪ੍ਰਮਾਣੀਕ ਹਵਾਲਿਆਂ ਨਾਲ ਦਸਿਆ ਗਿਆ ਹੈ ਕਿ ਸਿੱਖ ਕੌਮ ਨੇ ਕਿਵੇਂ ਹਿੰਦੂ ਕਾਂਗਰਸੀ ਲੀਡਰਾਂ ਦੇ ਵਾਅਦਿਆਂ, ਐਲਾਨਾਂ ਆਦਿ ਦੇ ਝਾਂਸੇ ਵਿਚ ਫਸ ਕੇ ਮਿਲਦੇ ਸੁਤੰਤਰ ਸਿਖ ਰਾਜ ਨੂੰ ਠੁਕਰਾ ਦਿਤਾ। ਅਜ਼ਾਦ ਭਾਰਤ ਵਿਚ ਜੋ ਕੁਝ ਸਿਖ ਕੌਮ ਨਾਲ ਹੋਇਆ, ਉਹ ਵੀ ਸਾਹਮਣੇ ਰਖ ਦਿਤਾ ਹੈ। ਆਉਂਦੇ ਮਹੀਨੇ ਦੇ 'ਸੂਰਾ' ਵਿਚ ਪੜ੍ਹੋ]**



www.AKJ.Org

ਇਸ ਨੂੰ 'ਵਾਹੁ-ਵਾਹੁ-ਬਾਣੀ-ਨਿਰੰਕਾਰ-ਹੈ' ਕਹਿਆ, ਕਿ ਬਾਣੀ ਆਪ ਨਿਰੰਕਾਰ ਹੈ। ਅਤੇ ਇਹ ਭੀ ਕਹਿਆ ਕਿ "ਤਿਸੁ-ਜੇਵਡੁ-ਅਵਰੁ-ਨ-ਕੋਇ" (੫੧੫)। ਭਾਵ ਕਿ ਗੁਰਬਾਣੀ ਦੇ ਬਰਾਬਰ ਹੋਰ ਕੋਈ ਨਹੀਂ ਹੈ। ਹੋਵੇ ਭੀ ਕਿਉਂ ? ਬਾਣੀ ਰੱਬ ਜੁ ਹੋਈ।

ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਜਦ "ਪੋਥੀ-ਪਰਮੇਸਰ-ਕਾ-ਥਾਨੁ" (੧੨੨੬) ਦੀ ਸਾਜਨਾ ਸਾਜ ਲਈ, ਤਾਂ ਇਸ ਪੋਥੀ ਦਾ ਪ੍ਰਕਾਸ਼ ਅਤੇ ਬਿਸਰਾਮ ਮੰਜੀ ਅਥਵਾ ਪਲੰਘ ਉੱਪਰ ਹੋਣਾ ਅਰੰਭ ਹੋ ਗਿਆ। ਪੋਥੀ ਉਪਰ ਚੌਰ ਝੁੱਲਣ ਲਗ ਪਿਆ। ਅਤੇ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਪੋਥੀ ਸਾਹਿਬ ਦੀ ਮੌਜੂਦਗੀ ਵਿਚ ਆਪਣਾ ਆਸਣ ਭੁਏਂ ਤੇ ਕਰ ਲਿਆ। ਇਸ ਤਰ੍ਹਾਂ ਗੁਰਬਾਣੀ ਨੂੰ ਆਪਣੀ ਦੇਹ ਨਾਲੋਂ ਵਡਾ ਕਰਕੇ ਸਤਿਕਾਰਿਆ। ਐਸਾ ਕਰਨਾ, ਸੀ ਭੀ ਤਾਂ ਠੀਕ ਹੀ, ਕਿਉਂਕਿ ਗੁਰਬਾਣੀ ਨੂੰ ਇਸ ਸੰਸਾਰ ਵਿਚ ਪਰਗਟ ਕਰਨ ਲਈ ਹੀ ਤਾਂ ਅਕਾਲ ਪੁਰਖ ਨੇ ਗੁਰੂ ਨਾਨਕ ਸਾਹਿਬ ਵਾਲੀ ਦੇਹ ਧਾਰੀ ਸੀ। ਇਸ ਲਈ ਵਿਸ਼ੇਸ਼ਤਾ ਤਾਂ ਗੁਰਬਾਣੀ ਦੀ ਹੀ ਸੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੰਜੀ ਉੱਤੇ (ਸਿਰਹਾਣੇ ਵੱਲ) ਆਪਣੇ ਪਾਸ ਇਕ ਸਿੱਖ ਨੂੰ ਬੈਠਾ ਕੇ ਜਪੁਜੀ ਸਾਹਿਬ ਦਾ ਸ਼ੁਧ ਪਾਠ ਸੁਣਾਉਣ ਲਈ ਕਿਹਾ। ਤਵਾਰੀਖ਼ ਗਵਾਹ ਹੈ ਕਿ ਗੁਰੂ ਸਾਹਿਬ ਜੀ ਨੇ ਭੇਟਾ ਵਜਹੁ, ਉਸ ਗੁਰਸਿੱਖ ਨੂੰ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਹੀ ਸੌਂਪ ਦੇਣ ਦਾ ਇਰਾਦਾ ਬਣਾ ਲਿਆ ਸੀ। ਇਹ ਵੱਖਰੀ ਗੱਲ ਹੈ ਕਿ ਉਸ ਸਿੱਖ ਨੇ ਸ਼ੁਧ ਪਾਠ ਸੁਣਾਉਣ ਦੇ ਇਵਜ਼ ਵਿਚ, ਇਕ ਨਵੇਂ ਆਏ ਘੋੜੇ ਲਈ, ਆਪਣੇ ਮਨ ਵਿਚ ਸੰਕਲਪ ਕਰ ਲਿਆ, ਜੋ ਉਸ ਨੂੰ ਤੁਰੰਤ ਹੀ ਭੇਟ ਕਰ ਦਿਤਾ ਗਿਆ। ਇਸ ਦਾ ਇਹ ਭਾਵ ਹੈ ਕਿ ਪੰਜਵੇਂ ਜਾਮੇ ਦੀ ਤਰ੍ਹਾਂ, ਗੁਰੂ ਨਾਨਕ ਸਾਹਿਬ ਜੀ ਨੇ ਛੇਵੇਂ ਜਾਮੇ ਵਿਚ ਭੀ ਆਪਣੇ ਆਪ ਨੂੰ (ਭਾਵ ਆਪਣੀ ਮਨੁੱਖੀ ਦੇਹ ਨੂੰ) ਗੁਰਬਾਣੀ ਦੇ ਅਧੀਨ ਹੀ ਦਰਸਾਇਆ।

ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੇ ਸਮੇਂ ਇਕ ਵੇਰ ਕੁਝ ਸੰਗਤਿ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਨ ਲਈ, ਗੁਰਬਾਣੀ ਦਾ ਕੀਰਤਨ ਕਰਦੀ ਹੋਈ ਆ ਰਹੀ ਸੀ। ਜਿਉਂ ਹੀ ਗੁਰੂ ਸਾਹਿਬ ਜੀ ਦੇ ਕੰਨੀਂ ਗੁਰਬਾਣੀ ਦੇ ਕੀਰਤਨ ਦੀ ਆਵਾਜ਼ ਪਈ, ਗੁਰੂ ਸਾਹਿਬ ਜੀ, ਗੁਰਬਾਣੀ ਦੇ ਸਤਿਕਾਰ ਵਿਚ, ਅਤਿਅੰਤ ਕਾਹਲੀ ਦੇ ਨਾਲ, ਮੰਜੀ ਤੋਂ ਉੱਠਣ ਲੱਗੇ ਤਾਂ ਉਨ੍ਹਾਂ ਦੇ ਗੋਡੇ ਤੇ ਸੱਟ ਲਗ ਗਈ। ਇਹ ਕੌਤਕ ਭੀ ਇਸ ਗੱਲ ਨੂੰ ਦ੍ਰਿੜ੍ਹ ਕਰਾਉਂਦਾ ਹੈ ਕਿ, ਗੁਰਬਾਣੀ ਸਰਬਤਮ ਹੈ ਅਤੇ ਗੁਰੂ ਦੀ ਦੇਹ (ਮਨੁਖੀ ਸਰੀਰ) ਗੁਰਬਾਣੀ ਦੇ ਸਤਿਕਾਰ ਵਿਚ ਵਿਚਰਦੀ ਹੈ।

ਏਸੇ ਲਈ ਜਦ ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਦੇਹਧਾਰੀ-ਗੁਰਤਾ ਦੀ ਲੜੀ ਸਮਾਪਤ ਕੀਤੀ ਤਾਂ ਦਸਵੇਂ ਜਾਮੇ ਵਿੱਚ ਗਹਿਮਾ ਗਹਿਮ ਸੰਗਤਿ ਦੀ ਹਾਜ਼ਰੀ ਵਿੱਚ, ਕਲਗੀਧਰ ਪਾਤਸ਼ਾਹ ਜੀ ਨੇ ਪੰਜਵੇਂ ਜਾਮੇ ਤੋਂ ਅਰੰਭ ਕੀਤੀ ਮਰਯਾਦਾ ਨੂੰ ਪੂਰਾ ਕਰਦਿਆਂ ਹੋਇਆਂ, 'ਪੋਥੀਪਰਮੇਸਕਾਥਾਨੁ' ਨੂੰ 'ਸ੍ਰੀ-ਗੁਰੂ-ਗ੍ਰੰਥ-ਸਾਹਿਬ ਜੀ ਕਹਿ ਕੇ, ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ ਅਤੇ ਗੁਰਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਕੇ ਆਪ ਜੋਤੀ ਜੋਤਿ ਸਮਾ ਗਏ। ਇਸ ਤਰ੍ਹਾਂ ਦੇਹਧਾਰੀ ਗੁਰਤਾ ਦਾ ਸਿਲਸਿਲਾ ਖ਼ਤਮ ਕਰ ਗਏ, ਅਤੇ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਉੱਤੇ ਗੁਰੂ ਗ੍ਰੰਥ ਸਾਹਿਬ ਜੀ ਸੁਸ਼ੋਭਤ ਹੋ ਗਏ।

'ਪੋਥੀ-ਪਰਮੇਸਰ-ਕਾਥਾਨੁ' ਦਾ ਭਾਵ ਹੈ ਕਿ ਜਿਸ ਕਿਸੇ ਨੇ ਭੀ ਪਰਮੇਸ਼ਰ ਦੀ ਭਾਲ ਕਰਨੀ ਹੋਵੇ, ਉਹ ਪਰੇਮੀ ਇਸ ਪੋਥੀ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਵਿੱਚ ਹੀ ਪਰਮੇਸ਼ਰ ਦੀ ਖੋਜ ਕਰੇ। ਇਸ ਪੋਥੀ ਵਿੱਚੋਂ ਹੀ ਪਰਮੇਸ਼ਰ ਮਿਲੇਗਾ। ਪਰਮੇਸ਼ਰ ਦੀ ਭਾਲ ਕਰਨ ਲਈ ਹੋਰ ਕਿਸੇ ਥਾਨ (ਜਗ੍ਹਾ) ਜਾਂ ਕਿਸੇ ਵਿਅਕਤੀ ਪਾਸ ਜਾਣ ਦੀ ਲੋੜ ਨਹੀਂ। ਭਾਵ ਕਿ, ਰੱਬ ਦੀ ਭਾਲ ਲਈ ਪੂਰੀ ਜਾਣਕਾਰੀ, ਪੂਰੀ ਅਗਵਾਈ, ਪੂਰਾ ਗਿਆਨ, ਅਥਵਾ ਪੂਰਾ ਉਪਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ। ਹੋਰਨਾਂ ਥਾਵਾਂ ਜਾਂ ਵਿਅਕਤੀਆਂ ਪਾਸ ਭਟਕਣ



www.AKJ.Org

ਦੀ ਲੋੜ ਨਹੀਂ। ਰੱਬ ਦੀ ਜਗ੍ਹਾ ਪੋਥੀ ਹੈ। ਭਾਵ ਕਿ ਰੱਬ ਦੀ ਜਗ੍ਹਾ ਗੁਰਬਾਣੀ ਹੈ। ਗੁਰਬਾਣੀ ਹੀ ਰੱਬ ਹੈ। ਗੁਰੂ, ਬਾਣੀ ਅਤੇ ਰੱਬ ਇੱਕ-ਮਿੱਕ ਹਨ। ਯਥਾ :

"ਬਾਣੀ ਗੁਰੂ ਗੁਰੂ ਹੈ ਬਾਣੀ" (੯੮੨) "ਵਾਹੁ ਵਾਹੁ ਬਾਣੀ ਨਿਰੰਕਾਰ ਹੈ॥" (੫੧੫)

ਨੌਵੇਂ ਪਾਤਸ਼ਾਹ ਜੀ ਤੱਕ ਸਾਰੇ ਗੁਰੂ ਸਾਹਿਬਾਨ ਚਰਨ ਪਾਹੁਲ ਦੇ ਕੇ ਪ੍ਰਾਣੀ ਨੂੰ ਗੁਰ-ਦੀਖਿਅਤ ਕਰਿਆ (ਸਿਖੀ ਬਖਸ਼ਿਆ) ਕਰਦੇ ਸਨ। ਕਿਉਂਕਿ ਦਸਵੇਂ ਜਾਮੇ ਬਾਅਦ, ਰੱਬੀ ਹੁਕਮ ਅੰਦਰ, ਦੇਹਧਾਰੀ ਗੁਰਤਾ ਦਾ ਸਿਲਸਿਲਾ ਖ਼ਤਮ ਕਰਨਾ ਸੀ, ਇਸ ਲਈ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ, ਜੋਤੀ ਜੋਤਿ ਸਮਾਉਣ ਤੋਂ ੮-੯ ਬਰਸ ਪਹਿਲੋਂ ਹੀ, ਪੰਜਾਂ ਪਿਆਰਿਆਂ ਦੀ ਸਾਜਨਾ ਕਰ ਕੇ ਚਰਨ ਪਾਹੁਲ ਦੀ ਬਜਾਏ, ਪੰਜਾਂ ਪਿਆਰਿਆਂ ਪਾਸੋਂ ਖੰਡੇ ਦੀ ਪਾਹੁਲ ਛਕਾ ਕੇ ਪ੍ਰਾਣੀਆਂ ਨੂੰ ਗੁਰ-ਦੀਖਿਅਤ ਕਰਨ ਦੀ ਸਦੀਵੀ ਪੂਰਨ ਜੁਗਤੀ ਚਲਾ ਦਿੱਤੀ। ਪੰਜਾਂ ਪਿਆਰਿਆਂ ਦੀ ਸਾਜਨਾ ਦੇ ਬਾਅਦ ਕਲਗੀਧਰ ਪਾਤਸ਼ਾਹ ਜੀ ਦੀ ਹਜ਼ੂਰੀ ਵਿੱਚ ਕੇਵਲ ਪੰਜ ਪਿਆਰੇ ਹੀ ਅੰਮ੍ਰਿਤ ਛਕਾਂਦੇ ਰਹੇ। ਇਹ ਮਰਯਾਦਾ ਰਹਿੰਦੀ ਦੁਨੀਆ ਤੱਕ ਪ੍ਰਚੱਲਤ ਰੱਖਣ ਲਈ ਲੀਹ ਚਲਾ ਦਿੱਤੀ। ਸਾਰਾ ਖਾਲਸਾ ਪੰਥ ਹੀ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ ਸਜਿਆ। ਪੰਜਾਂ ਪਿਆਰਿਆਂ ਪਾਸੋਂ ਸਭ ਤੋਂ ਪਹਿਲੋਂ ਕਲਗੀਧਰ ਪਾਤਸ਼ਾਹ ਜੀ ਨੇ ਆਪੁ ਅੰਮ੍ਰਿਤ ਛਕਿਆ ਅਤੇ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਸਜ ਗਏ। ਇਸ ਕਰਤੱਵ ਨਾਲ ਪੰਜਾਂ ਪਿਆਰਿਆਂ ਦੀ ਮਹੱਤਤਾ, ਵਡਿਆਈ ਅਤੇ ਪੂਰਨਤਾ ਪਰਗਟ ਹੁੰਦੀ ਹੈ।

ਸੋ ਦੇਹ-ਧਾਰੀ ਗੁਰਤਾ ਨੂੰ ਖ਼ਤਮ ਕਰਨ ਖ਼ਾਤਰ ਇੱਕ ਤਾਂ ਗੁਰੂ ਨਾਨਕ ਸਾਹਿਬ ਜੀ ਨੇ 'ਪੋਥੀ ਪਰਮੇਸਰ ਕਾ ਥਾਨੁ' (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦੀ ਸਾਜਨਾ ਕੀਤੀ, ਅਤੇ ਦੂਜੇ ਚਰਨ-ਪਾਹੁਲ ਦੀ ਬਜਾਏ ਖੰਡੇ ਦਾ ਅੰਮ੍ਰਿਤ ਛਕਾਉਣ ਲਈ ਪੰਜ ਪਿਆਰਿਆਂ ਦੀ ਸਾਜਨਾ ਕੀਤੀ। ਭਾਵ ਕਿ ਸੰਸਾਰ ਵਿੱਚ, ਦੇਹ-ਧਾਰੀ ਕੱਚੇ ਗੁਰੂਆਂ ਦੀ ਜ਼ਬਾਨ ਬੰਦ ਕਰਨ ਲਈ ਗੁਰਬਾਣੀ ਰਚੀ, ਅਤੇ ਦੇਹ-ਧਾਰੀ ਅਗਿਆਨੀ ਗੁਰੂਆਂ ਦੇ ਚਰਨ ਪਾਹੁਲ ਦੇ ਸਿਲਸਿਲੇ ਨੂੰ ਸਫ਼ਾ-ਚੱਟ ਕਰਨ ਲਈ ਖੰਡੇ ਦਾ ਅੰਮ੍ਰਿਤ ਪ੍ਰਚਲਤ ਕਰ ਦਿਤਾ। ਇਹ ਕਰਨ ਨਾਲ ਦੇਹਧਾਰੀ ਖੋਖਲੇ ਗੁਰੂਆਂ ਦੀ ਪੂਰੀ ਤਰ੍ਹਾਂ ਸਫ਼ ਵਲ੍ਹੇਟ ਦਿੱਤੀ।

ਯਥਾ : "ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ॥" (੪੯੧)... "ਕਾਚੇ ਗੁਰਤੇ ਮੁਕਤਿ ਨ ਹੂਆ॥" (੯੩੨) ਇਸ ਤਰ੍ਹਾਂ ਅੰਮ੍ਰਿਤ ਛਕਾਉਣ ਲਈ ਪੰਜ ਪਿਆਰੇ ਅਤੇ (ਪੂਰਨ ਅਗਵਾਈ (ਉਪਦੇਸ਼) ਲਈ ਗੁਰਬਾਣੀ ਸੰਸਾਰੀਆਂ ਨੂੰ ਹਮੇਸ਼ਾ ਲਈ ਪ੍ਰਾਪਤ (available) ਹੋ ਗਏ।

ਕਲਗੀਧਰ ਪਾਤਸ਼ਾਹ ਜੀ ਪਿੱਛੋਂ, ਦੇਹਧਾਰੀ ਗੁਰੂਆਂ ਦੇ ਬਣ ਬੈਠਣ ਦੀ ਸੰਭਾਵਨਾ ਦਾ ਮੁਜ਼ਕ ਮਾਰਨ ਲਈ ਕੈਸਾ ਇਲਾਹੀ ਹੁਕਮ ਗੁਰਬਾਣੀ ਅੰਦਰ ਅੰਕਤ ਕੀਤਾ ਹੋਇਆ ਹੈ। ਯਥਾ : "ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ" (੯੮੨) (ਗੁਰੂ ਬਾਣੀ ਕਹਿੰਦਾ ਹੈ, ਸੇਵਕ ਜਨ ਮੰਨਦਾ ਹੈ, ਗੁਰੂ ਉਸਦਾ ਨਿਸਤਾਰਾ ਕਰਦਾ ਹੈ)। ਸਹਿਲੀ ਬੋਲੀ ਵਿੱਚ ਇਸ ਦਾ ਭਾਵ ਹੈ ਕਿ ਜੇ ਸੇਵਕ ਜਨ ਗੁਰਬਾਣੀ ਦੇ ਕਹੇ ਤੇ ਚੱਲੇ ਤਾਂ ਪੂਰਾ ਗੁਰੂ (ਗੁਰੂ ਨਾਨਕ-ਗ੍ਰੰਥ ਸਾਹਿਬ) ਉਸ ਜਨ ਦਾ ਅਵੱਸ਼ ਹੀ ਪਾਰ-ਉਤਾਰਾ ਕਰਦਾ ਹੈ। ਇਸ ਲਈ ਮੌਜੂਦਾ ਸਮੇਂ ਵਿਚ ਆਪਣੇ ਪਾਰ-ਉਤਾਰੇ ਲਈ ਭਾਂਤ ਭਾਂਤ ਦੇ ਦੇਹ-ਧਾਰੀ ਗੁਰੂਆਂ ਪਿੱਛੇ ਪਏ ਫਿਰਨ ਦੀ ਲੋੜ ਨਹੀਂ।

ਕਲਜੁਗੀ ਜੀਵਾਂ ਨੂੰ ਗੁਰਬਾਣੀ ਦੇ ਲੜ ਲਾਉਣ ਵਾਲੇ ਗੁਰੂ ਨਾਨਕ ਸਾਹਿਬ ਜੀ ਦੀ ਵਡਿਆਈ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਹਿਤ ਕੁਝ ਕੁ ਮਿਸਾਲਾਂ ਦੇਣੀਆਂ ਜ਼ਰੂਰੀ ਹਨ :

੧. ਸਭ ਤੇ ਵਡਾ ਸਤਿਗੁਰੁ ਨਾਨਕੁ...॥ (੭੫੦)

੨. ਨਾਨਕ ਗੁਰੂ ਗੁਰੂ ਹੈ ਪੂਰਾ......॥ (੮੮੨)



www.AKJ.Org

੩. ਗੁਰੁ ਨਾਨਕੁ ਨਾਨਕੁ ਹਰਿ ਸੋਇ ॥ (੮੬੫)

੪. ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ ॥ (੫੨)

ਜਦ ਗੁਰੂ ਨਾਨਕ ਸਾਹਿਬ ਜੀ ਮਰਦਾਨੇ ਨੂੰ ਨਾਲ ਲੈ ਕੇ ਅਰਬ ਦੇਸ਼ ਵੱਲ ਜਾਣ ਲਈ ਬੇਬੇ ਨਾਨਕੀ ਜੀ ਪਾਸੋਂ ਵਿਦਾ ਹੋਣ ਲੱਗੇ ਤਾਂ ਭੈਣ ਜੀ ਨੇ ਸਵਾਲ ਕੀਤਾ, "ਵੀਰ ਜੀ, ਭੈਣ ਨਾਲ ਮੁੜ ਕਦੋਂ ਮੇਲੇ ਹੋਣਗੇ ?" "ਜਦੋਂ ਮੇਲਿਆਂ ਲਈ ਯਾਦ ਕਰੋਗੇ, ਆਵਾਂਗੇ", ਗੁਰੂ ਨਾਨਕ ਸਾਹਿਬ ਜੀ ਨੇ ਪਿਆਰ ਵਿਚ ਉੱਤਰ ਦਿਤਾ। ਤਵਾਰੀਖ਼ ਦੱਸਦੀ ਹੈ, ਕਿ ਗੁਰੂ ਨਾਨਕ ਸਾਹਿਬ ਜੀ ਸਿੱਖ ਧਰਮ ਦਾ ਪਰਚਾਰ ਕਰਦੇ ਕਰਦੇ ਮੱਕੇ ਮਦੀਨੇ ਪਹੁੰਚ ਗਏ। ਇਕ ਦਿਨ ਬੇਬੇ ਨਾਨਕੀ ਜੀ ਪਰਵਾਰ ਲਈ ਫੁਲਕੇ ਪਕਾ ਰਹੇ ਸਨ, ਤਾਂ ਇਕ ਫੁਲਕਾ ਬਹੁਤ ਹੀ ਸੁੰਦਰ ਰੂਪ ਵਿਚ ਫੁੱਲਿਆ। ਅਜੇ ਇਹ ਫੁਲਕਾ ਤਵੇ ਉੱਤੇ ਹੀ ਸੁਸ਼ੋਭਤ ਸੀ ਕਿ ਬੇਬੇ ਨਾਨਕੀ ਜੀ ਦੇ ਮਨ ਵਿਚ ਆਇਆ ਕਿ ਇਹ ਫੁਲਕਾ ਤਾਂ ਮੇਰੇ ਵੀਰ ਦੇ ਛਕਣ ਜੋਗਾ ਹੈ। ਐਨ ਓਸੇ ਵਕਤ ਹੀ ਗੁਰੂ ਨਾਨਕ ਸਾਹਿਬ ਜੀ ਨੇ ਬੇਬੇ ਨਾਨਕੀ ਜੀ ਨੂੰ ਦਰਵਾਜ਼ਾ ਖੋਲ੍ਹਣ ਲਈ ਆਵਾਜ਼ ਦੇ ਦਿੱਤੀ। ਭੈਣ ਜੀ ਨੇ ਫੁਲਕਾ ਤਵੇ ਤੋਂ ਉਤਾਰਿਆ ਅਤੇ ਆਪਣੇ ਵੀਰ ਲਈ ਦਰਵਾਜ਼ਾ ਖੋਲ੍ਹਣ ਲਈ ਦੌੜਦੇ ਹੋਏ ਗਏ। ਦਰਸ਼ਨ ਕਰ ਕੇ ਚਾਅ ਚੜ੍ਹ ਗਿਆ। ਅਤੇ ਕਹਿਓ ਸੁ, "ਮੈਂ ਹੁਣੇ ਤੁਹਾਨੂੰ ਯਾਦ ਕੀਤਾ ਸੀ।" "ਤਾਹੀਓਂ ਹੀ ਅਸੀਂ ਫੁਲਕਾ ਛਕਣ ਲਈ ਆ ਗਏ ਹਾਂ", ਗੁਰੂ ਨਾਨਕ ਸਾਹਿਬ ਜੀ ਨੇ ਪਿਆਰ ਨਾਲ ਕਹਿਆ। ਭੈਣ ਜੀ ਦੀ ਖੁਸ਼ੀ ਦੀ ਤਾਂ ਕੋਈ ਹੱਦ ਨਾ ਰਹੀ। ਭਾਈ ਮਰਦਾਨਾ ਜੀ ਕਹਿਣ ਲਗੇ, "ਅਸੀਂ ਤਾਂ ਹੁਣੇ ਜਿਹੇ ਹੀ ਮੱਕੇ ਵਿਚ ਸਾਂ, ਓਥੋਂ ਹੀ ਆ ਰਹੇ ਹਾਂ।"

ਗੁਰੂ ਨਾਨਕ ਸਾਹਿਬ ਜੀ ਦੇ, ਬੇਬੇ ਨਾਨਕੀ ਜੀ ਨਾਲ ਕੀਤੇ ਇਕਰਾਰ ਨੂੰ ਇਸ ਤਰ੍ਹਾਂ ਪੂਰਾ ਕਰਨ ਨੂੰ, ਗਿਆਨੀ ਲੋਕ, ਵੀਰ ਅਤੇ ਭੈਣ ਦੇ ਪਿਆਰ ਅਤੇ ਕੀਤਾ ਇਕਰਾਰ ਪੂਰਾ ਕਰਨ ਦੇ ਨਮੂਨੇ ਵਜਹੁ ਪੇਸ਼ ਕਰਿਆ ਕਰਦੇ ਹਨ। ਨਾਲ ਹੀ ਉਨ੍ਹਾਂ ਦਾ ਭਾਵ ਹੁੰਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਜਾਣੀ ਜਾਣ ਸਨ ਅਤੇ ਸਰਬ-ਸ਼ਕਤੀਆਂ ਦੇ ਮਾਲਕ ਸਨ। ਤਾਹੀਓਂ ਤਾਂ ਅੱਖ ਦੇ ਫਰੱਕੇ ਵਿਚ ਹੀ ਅਰਬ ਦੇਸ਼ ਤੋਂ ਭਾਰਤ ਵਿਚ ਪਹੁੰਚੇ ਸਨ।

ਅਸੀਂ ਇਸ ਪ੍ਰਸੰਗ ਦੀ ਅਗਲੀ ਤਹਿ ਤੱਕ ਪਹੁੰਚਣਾ ਹੈ। ਅੱਖ ਦੇ ਫਰੱਕੇ ਨੂੰ ਭੀ ਸਮਾਂ ਲਗਦਾ ਹੈ, ਭਾਵੇਂ ਕਿਤਨਾ ਹੀ ਥੋੜ੍ਹਾ ਕਿਉਂ ਨਾ ਹੋਵੇ। ਗੁਰੂ ਸਾਹਿਬ ਜੀ ਦੇ ਅਰਬ ਦੇਸ਼ ਵਿਚ ਦਰਸ਼ਨ ਬਖਸ਼ਣ ਅਤੇ ਭੈਣ ਦੇ ਦਰਵਾਜ਼ੇ ਤੇ ਖੜੋ ਕੇ ਦਰਵਾਜ਼ਾ ਖੋਲ੍ਹਣ ਲਈ ਕਹਿਣ ਦੇ ਅਰੰਭ ਕਰਨ ਵਿਚ ਕੋਈ ਸਮਾਂ ਨਹੀਂ ਲਗਾ। ਸਮਾਂ ਤਾਂ ਲੱਗਦਾ ਹੈ ਜਦੋਂ ਕੋਈ ਵਿਅਕਤੀ ਇਕ ਥਾਂ ਤੋਂ ਦੂਜੀ ਥਾਂ ਤੇ ਜਾਵੇ। ਗੁਰੂ ਨਾਨਕ ਸਾਹਿਬ ਤਾਂ ਰੱਬ ਨਿਆਈਂ ਹਰ ਥਾਂ ਹੀ ਮੌਜੂਦ ਸਨ ਅਤੇ ਹਨ। ਸਿਰਫ਼ ਦਰਸ਼ਨ ਹੀ ਦੇਣ ਦੀ ਗੱਲ ਸੀ। ਇਹ ਪੂਰੇ ਗੁਰੂ ਦੀ ਵਡਿਆਈ ਹੈ ਕਿ ਉਹ ਜ਼ੱਰੇ ਜ਼ੱਰੇ ਵਿਚ ਮੌਜੂਦ ਹੈ ਅਤੇ ਜਿਥੇ ਚਾਹੇ, ਆਪਣੇ ਦਰਸ਼ਨ ਦਰਸਾ ਦੇਂਦਾ ਹੈ। ਪੂਰਾ ਗੁਰੂ "ਸਭਹੀ ਮਧਿ ਸਭਹਿ ਤੇ ਬਾਹਰਿ" (੫੧) ਹੈ।

ਏਥੇ ਸਵਾਲ ਉੱਠਦਾ ਹੈ ਕਿ ਚਲੋ ਮੰਨ ਲੈਂਦੇ ਹਾਂ ਕਿ ਗੁਰੂ ਨਾਨਕ ਸਾਹਿਬ ਜੀ ਤਾਂ ਰੱਬ ਰੂਪ ਸਨ, ਜ਼ੱਰੇ ਜ਼ੱਰੇ ਵਿਚ ਮੌਜੂਦ ਸਨ ("ਸਭ ਹੀ ਮਧਿ ਸਭਹਿ ਤੇ ਬਾਹਰਿ" ਸਨ), ਇਸ ਲਈ ਜਿਥੇ ਚਾਹੁੰਦੇ, ਆਪਣਾ ਦਰਸ਼ਨ ਬਖਸ਼ ਸਕਦੇ ਸਨ। ਪਰ ਭਾਈ ਮਰਦਾਨਾ ਜੀ ਤਾਂ ਜ਼ੱਰੇ ਜ਼ੱਰੇ ਵਿਚ ਮੌਜੂਦ ਨਹੀਂ ਸਨ, ਉਹ ਕਿਵੇਂ ਗੁਰੂ ਨਾਨਕ ਸਾਹਿਬ ਜੀ ਨਾਲ ਹੀ ਮੱਕਿਓਂ ਸੁਲਤਾਨਪੁਰ ਲੋਧੀ ਆ ਪਹੁੰਚੇ। ਇਸ ਪ੍ਰਸੰਗ ਵਿਚ ਗੁਰੂ ਸਾਹਿਬ ਜੀ ਨੇ ਜਾਣ ਮਿਥ ਕੇ ਜਗਤ ਦੇ ਸਾਹਮਣੇ ਭਾਈ ਮਰਦਾਨੇ ਜੀ ਦੀ ਤਾਂ ਕੇਵਲ ਇਕ ਮਿਸਾਲ ਹੀ ਰਖੀ ਹੈ। ਗੁਰੂ ਨਾਨਕ ਸਾਹਿਬ ਜੀ ਜਿਸ ਨੂੰ, ਜਾਂ ਜਿੰਨਿਆਂ ਨੂੰ ਚਾਹੁਣ, ਇਕ ਥਾਂ ਤੋਂ ਦੂਜੀ ਥਾਂ, ਜਾਂ ਇਕ ਬ੍ਰਹਿਮੰਡ ਚੋਂ ਹੋਰਨਾਂ ਬ੍ਰਹਿਮੰਡਾਂ ਵਿਚ (ਭਾਈ ਮਰਦਾਨਾ ਜੀ ਵੱਤ) ਆਪਣੇ ਸੰਗ ਸਾਥ ਹੀ ਲਈ ਫਿਰ



www.AKJ.Org

ਸਕਦੇ ਹਨ। ਜਿਵੇਂ ਕਿ ਮੱਕੇ ਦੇ ਹਾਜੀ-ਪੀਰ ਦਸਤਗੀਰ ਦੇ ਪੁੱਤਰ ਨੂੰ, ਗੁਰੂ ਨਾਨਕ ਸਾਹਿਬ ਜੀ ਨੇ ਲੱਖਾਂ ਪਾਤਾਲ ਅਤੇ ਆਕਾਸ਼ ਅੱਖ ਦੇ ਪਲਕਾਰੇ ਵਿਚ ਦਿਖਾ ਦਿਤੇ ਸਨ। ਹੈ ਕਿਸੇ ਅਜ ਕਲ੍ਹ ਦੇ ਦੇਹਧਾਰੀ ਅਖੌਤੀ ਗੁਰੂ ਦੀ ਇਤਨੀ ਪਾਇਆਂ ਕਿ ਕੋਈ ਅਜਿਹੀ ਗੱਲ ਕਰਕੇ ਦਿਖਾ ਸਕੇ ? ਰੱਬ ਰੱਬ ਕਰੋ !

ਸਮੂਹ ਗੁਰਸਿਖ ਜਗਤ, ਅਤੇ ਕਈ ਹੋਰ ਗੁਰੂ ਘਰ ਦੇ ਪਰੇਮੀ ਜਾਣਦੇ ਹਨ ਕਿ ਭਾਰਤ ਦੇ ਦੱਖਣੀ ਹਿੱਸੇ ਵਿਚ ਬਿਦਰ ਨਾਮ ਦਾ ਇਕ ਸ਼ਹਿਰ ਹੈ। ਇਸ ਜਗ੍ਹਾ ਦਾ ਪਾਣੀ ਖਾਰਾ ਹੈ। ਗੁਰੂ ਨਾਨਕ ਸਾਹਿਬ ਜੀ ਸਿੱਖੀ ਮਾਰਗ ਦਾ ਪਰਚਾਰ ਕਰਦੇ ਕਰਦੇ ਇਸ ਸ਼ਹਿਰ ਪਹੁੰਚੇ। ਤਾਂ ਲੋਕਾਂ ਨੇ ਇਹ ਸੁਣ ਕੇ ਕਿ ਇਹ ਕੋਈ ਵਲੀ ਪੀਰ ਆਏ ਹਨ, ਗੁਰੂ ਸਾਹਿਬ ਜੀ ਦੇ ਆ ਦਰਸ਼ਨ ਕੀਤੇ। ਜਿਵੇਂ ਇਹ ਲੋਕ, ਗੁਰੂ ਨਾਨਕ ਸਾਹਿਬ ਜੀ ਤੋਂ ਪਹਿਲੋਂ ਓਥੇ ਕਈ ਆਇਆਂ ਸਾਧੂਆਂ ਅਤੇ ਪੀਰਾਂ ਨੂੰ ਬੇਨਤੀ ਕਰ ਚੁਕੇ ਸਨ ਗੁਰੂ ਨਾਨਕ ਸਾਹਿਬ ਜੀ ਨੂੰ ਭੀ ਬੇਨਤੀ ਕੀਤੀਓ ਨੇ, "ਸਾਨੂੰ ਮਿੱਠੇ ਪਾਣੀ ਦੀ ਲੋੜ ਹੈ। ਸਾਡੀ ਇਹ ਮੰਗ ਅੱਜ ਤੱਕ ਕਿਸੇ ਭੀ ਪੀਰ ਫਕੀਰ, ਸਾਧੂ ਸੰਤ ਜਾਂ ਰਿਸ਼ੀ ਮੁਨੀ ਨੇ ਪੂਰੀ ਨਹੀਂ ਕੀਤੀ।" ਗੁਰੂ ਨਾਨਕ ਸਾਹਿਬ ਜੀ ਨੇ ਕਿਹਾ, "ਤੁਸੀਂ ਸਾਰੇ ਸਾਧਨ ਛੱਡ ਕੇ ਪ੍ਰਮਾਤਮਾ ਦਾ ਭਜਨ ਕਰੋ। ਅਕਾਲ ਪੁਰਖ ਤੁਹਾਡੀ ਇੱਛਾ ਪੂਰੀ ਕਰ ਦੇਵੇਗਾ। ਇਨ੍ਹਾਂ ਲੋਕਾਂ ਨੇ ਗੁਰੂ ਨਾਨਕ ਸਾਹਿਬ ਜੀ ਦਾ ਬਚਨ ਮੰਨਣਾ ਕਬੂਲ ਕਰ ਲਿਆ। ਤਾਂ ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਪਾਵਨ ਖੜਾਉਂ ਦੀ ਚੁੰਝ ਨਾਲ ਜ਼ਮੀਨ ਤੇ ਇਕ ਥਾਉਂ ਜ਼ਰਾ ਕੁ ਛੋਹ ਲਗਾਈ। ਉਸ ਥਾਉਂ ਤੋਂ ਝੱਟ ਹੀ ਮਿੱਠੇ ਤੇ ਨਿਰਮਲ ਜਲ ਦਾ ਇਕ ਚਸ਼ਮਾ ਚਲ ਪਿਆ। ਚਸ਼ਮੇ ਅਕਸਰ ਪਹਾੜਾਂ ਦੇ ਲਾਗੇ ਚਾਗੇ ਹੋਇਆ ਕਰਦੇ ਹਨ। ਇਸ ਜਗ੍ਹਾ ਤਾਂ ਕੋਈ ਪਹਾੜ ਨਹੀਂ, ਐਵੇਂ ਇਕ ਨਿੱਕੀ ਜਿਹੀ ਸੁੱਕੀ ਜਿਹੀ ਬਰਾਏ-ਨਾਮ ਪਹਾੜੀ ਹੈ। ਇਹ ਪਹਾੜੀ ਤਾਂ ਐਵੇਂ ਬਹਾਨਾ ਹੀ ਹੈ, ਚਸ਼ਮੇ ਦੀ ਬਖਸ਼ਸ਼ ਕਰਨ ਦਾ। ਦੇਖਿਆਂ ਹੀ ਇਸ ਗੱਲ ਦਾ ਯਕੀਨ ਆਵੇਗਾ। ਅਜ ਤੱਕ ਮਿੱਠੇ ਜਲ ਦਾ ਇਹ ਚਸ਼ਮਾ ਧਰਲ ਧਰਲ ਕਰਦਾ ਚਲ ਰਿਹਾ ਹੈ। ਇਹ ਜਗ੍ਹਾ "ਨਾਨਕ-ਝੀਰਾ" ਨਾਮ ਨਾਲ ਮਸ਼ਹੂਰ ਹੈ। ਹਜ਼ੂਰ ਸਾਹਿਬ ਨੰਦੇੜ ਤੋਂ ਸਿਧੀਆਂ ਬੱਸਾਂ ਉਥੇ ਜਾਂਦੀਆਂ ਹਨ। ਕੀ ਅਜ ਕਲ੍ਹ ਦੇ ਦੇਹਧਾਰੀ ਗੁਰੂਆਂ ਵਿਚੋਂ ਕਿਸੇ ਮਿੱਟੀ ਦੇ ਮਟੁੰਨ ਦੀ ਇਤਨੀ ਸ਼ਕਤੀ ਹੈ ਕਿ ਕੋਈ ਅਜਿਹਾ ਕਰਤੱਵ ਕਰਕੇ ਦਿਖਾ ਸਕੇ ?

ਗੁਰੂ ਨਾਨਕ ਸਾਹਿਬ ਜੀ ਨੇ ਪੰਜਾ ਸਾਹਿਬ (ਮੌਜੂਦਾ ਪਾਕਿਸਤਾਨ ਵਿਚ) ਭੀ ਇੱਕ ਅਜਿਹੀ ਬਖਸ਼ਸ਼ ਕੀਤੀ ਸੀ। ਏਥੇ ਇਕ ਵਲੀ ਕੰਧਾਰੀ ਨਾਮੇ ਫ਼ਕੀਰ ਇਕ ਪਹਾੜੀ ਉੱਤੇ ਬੈਠ ਕੇ ਇਲਾਕੇ ਦਾ ਪਾਣੀ ਆਪਣੇ ਕਬਜ਼ੇ ਵਿੱਚ ਕਰੀ ਬੈਠਾ ਸੀ। ਅਤੇ ਮਨ-ਮਰਜ਼ੀ ਨਾਲ, ਇਸ ਦੀ ਈਨ ਮੰਨਣ ਵਾਲਿਆਂ ਨੂੰ ਉਹ ਪਾਣੀ ਦਿਆ ਕਰਦਾ ਸੀ। ਇਸ ਵਲੀ ਕੰਧਾਰੀ ਨੇ ਪਿਆਸੇ ਮਰਦਾਨਾ ਜੀ ਨੂੰ ਪਾਣੀ ਪਿਲਾਉਣੋਂ ਨਾਂਹ ਕਰ ਦਿੱਤੀ ਸੀ ਅਤੇ ਕਿਹਾ ਸਾ ਸੁ ਕਿ ਜੇ ਤੇਰੇ ਗੁਰੂ ਵਿਚ ਸ਼ਕਤੀ ਹੈ ਤਾਂ ਉਸ ਨੂੰ ਕਹੁ, ਉਹ ਤੈਨੂੰ ਪਾਣੀ ਪਿਲਾ ਦੇਵੇ। ਮਰਦਾਨਾ ਜੀ ਨੇ ਇਹ ਗੱਲ ਗੁਰੂ ਜੀ ਨੂੰ ਆ ਦੱਸੀ। ਜਦੋਂ ਤੀਜੀ ਵਾਰੀ ਵੀ ਪਹਾੜੀ ਤੇ ਚੜ੍ਹਨ ਉਤਰਨ ਕਾਰਨ ਹਾਰੇ-ਹੁਟੇ ਮਰਦਾਨਾ ਜੀ ਨੂੰ ਵਲੀ ਨੇ ਪਾਣੀ ਨਾ ਦਿਤਾ ਤਾਂ ਗੁਰੂ ਨਾਨਕ ਸਾਹਿਬ ਜੀ ਨੇ ਵਲੀ ਕੰਧਾਰੀ ਦਾ ਅਹੰਕਾਰ ਤੋੜਨ ਲਈ, ਉਸ ਦੇ ਕਬਜ਼ੇ ਦਾ ਸਾਰਾ ਜਲ ਇਕ ਚਸ਼ਮੇ ਦੇ ਰੂਪ ਵਿੱਚ ਆਪਣੇ ਪਾਸ ਹੀ ਚਾਲੂ ਕਰ ਲਿਆ ਅਤੇ ਭਾਈ ਮਰਦਾਨੇ ਨੂੰ ਕਿਹਾ, "ਲੈ ਰੱਜ ਕੇ ਛਕ।" ਵਲੀ ਕੰਧਾਰੀ ਨੇ ਆਪਣੀ ਹਾਰ ਦੇਖ ਕੇ ਗੁੱਸੇ ਵਿੱਚ ਆ ਕੇ ਆਪਣੀ ਸ਼ਕਤੀ ਨਾਲ ਇੱਕ ਭਾਰੀ ਪੱਥਰ ਪਹਾੜੀ ਉੱਤੋਂ ਥੱਲੇ ਬੈਠੇ ਗੁਰੂ ਨਾਨਕ ਸਾਹਿਬ ਅਤੇ ਮਰਦਾਨਾ ਜੀ ਵੱਲ ਪੂਰੀ ਰਫ਼ਤਾਰ ਨਾਲ ਰੇੜ੍ਹ ਦਿੱਤਾ, ਤਾਂ ਜੁ ਦੋਨੋਂ ਵਿਅਕਤੀ ਉਸ ਪੱਥਰ ਥੱਲੇ ਆ ਕੇ ਪਿਸ ਜਾਣ। ਮਰਦਾਨਾ ਜੀ ਤਾਂ ਗੜ ਗੜ ਕਰਦਾ ਰਿੜ੍ਹਦਾ ਆਉਂਦਾ ਪੱਥਰ ਦੇਖ ਕੇ ਡਰ ਗਏ। ਗੁਰੂ ਨਾਨਕ ਸਾਹਿਬ ਜੀ ਨੇ ਭਾਈ ਮਰਦਾਨੇ ਨੂੰ ਹੌਸਲਾ ਦੇਂਦਿਆਂ ਹੋਇਆਂ ਕਹਿਆ, "ਮਰਦਾਨਿਆ ਡਰ ਨਾ, ਸਾਡਾ ਰਾਖਾ ਅਕਾਲ ਪੁਰਖ ਹੈ।" ਇਤਨੇ ਨੂੰ, ਰਫ਼ਤਾਰ ਨਾਲ ਰਿੜ੍ਹਦਾ ਹੋਇਆ ਆ ਰਿਹਾ ਪੱਥਰ ਇਨ੍ਹਾਂ ਪਾਸ ਹੀ



www.AKJ.Org

ਪਹੁੰਚ ਗਿਆ । ਤਾਂ ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਪੰਜੇ ਨਾਲ ਆਉਂਦੇ ਪੱਥਰ ਨੂੰ ਥੰਮ੍ਹ ਲਿਆ । ਇਹ ਵੱਡੇ ਅਕਾਰ ਦਾ ਪੱਥਰ ਚਸ਼ਮੇ ਦੇ ਐਨ ਸਿਰੇ ਉੱਤੇ ਅੱਜ ਕਲ੍ਹ ਦੇ ਸਰੋਵਰ ਦੇ ਇਕ ਪਾਸੇ ਮੌਜੂਦ ਹੈ ਅਤੇ ਇਸ ਪੱਥਰ ਤੇ ਗੁਰੂ ਨਾਨਕ ਸਾਹਿਬ ਜੀ ਦੇ ਪੰਜੇ ਦਾ ਨਿਸ਼ਾਨ ਮੌਜੂਦ ਹੈ । ਅੱਜ ਕਲ੍ਹ ਦੇ ਦੇਹਧਾਰੀ ਗੁਰੂਆਂ ਵਿੱਚੋਂ ਅਜਿਹਾ ਕਰ ਦਿਖਾ ਸਕਣ ਜੋਗਾ ਕੋਈ ਹੈ ?

"ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾਂ ਤੂ ਸਾਹਿਬ ਗੁਣੀ ਨਿਧਾਨਾ ॥" (੭੩੪) ਆਪਾਂ ਹੁਣ ਗੁਰੂ ਨਾਨਕ ਸਾਹਿਬ ਜੀ ਦੇ ਅਠਵੇਂ ਜਾਮੇ ਵਿੱਚ ਚਲ ਦਰਸ਼ਨ ਕਰੀਏ । ਪਜ ਬਰਸ ਦੀ ਸੰਸਾਰੀ ਉਮਰ ਹੈ । ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਮੰਜੀ ਉੱਤੇ ਬੈਠੇ ਹੋਏ ਹਨ, ਅਤੇ ਚਾਰ ਸਿੱਖ ਇਸ ਮੰਜੀ ਨੂੰ ਉਠਾਈ ਪੰਜੋਖਰੇ ਪਿੰਡ (ਅੰਬਾਲਾ ਛਾਉਣੀ ਲਾਗੇ) ਪਹੁੰਚ ਜਾਂਦੇ ਹਨ । ਸ਼ਰਧਾਲੂ ਨਮਸਕਾਰਾਂ ਕਰਦੇ ਹਨ, ਅਤੇ ਮੂੰਹ-ਮੰਗੀਆਂ ਮੁਰਾਦਾਂ ਪਾਉਂਦੇ ਹਨ । ਇਥੇ ਇਕ ਪੰਡਤ ਇਸ ਬਾਲਕ-ਗੁਰੂ ਨੂੰ ਜੁਹਾਰਾਂ ਨਮਸਕਾਰਾਂ ਹੁੰਦੀਆਂ ਵੇਖ ਵੇਖ ਹੈਰਾਨ ਹੁੰਦਾ ਹੈ । ਉਹ ਵਿਦਿਆ ਦੇ ਹੰਕਾਰ ਵਿਚ ਮਤਾ ਹੋਇਆ ਸੀ । ਉਸ ਬਾਲਕ ਰੂਪ ਵਿਚ ਰੱਬੀ ਪ੍ਰਕਾਸ਼ ਨੂੰ ਉਹ ਕਿਵੇਂ ਤੱਕ ਸਕਦਾ ਸੀ ? ਉਹ ਵਿਦਿਆ ਦਾ ਭਾਰ ਚੁਕੀ ਫਿਰਦਾ ਸੀ, ਪਰ ਅੰਦਰੋਂ ਅਗਿਆਨੀ ਅੰਧਾ ਸੀ । ਸਿੱਖਾਂ ਨੂੰ ਕਹਿਣ ਲਗਾ, "ਕ੍ਰਿਸ਼ਨ ਭਗਵਾਨ ਤਾਂ ਅਵਤਾਰ ਹੋਏ ਹਨ । ਇਹ ਬਾਲਕਾ ਉਨ੍ਹਾਂ ਤੋਂ ਵੀ ਵਧ ਆਪਣਾ ਨਾਂ 'ਹਰਿ ਕ੍ਰਿਸ਼ਨ' ਰਖਾਈ ਫਿਰਦਾ ਹੈ । ਮੈਂ ਇਸ ਨੂੰ ਮਹਾਨ ਗੁਰੂ ਤਾਂ ਜਾਣਾਂ, ਜੇ ਕ੍ਰਿਸ਼ਨ ਜੀ ਦੀ ਗੀਤਾ ਦੇ ਅਰਥ ਸੁਣਾ ਦੇਵੇ ।" ਸਿਖਾਂ ਨੇ ਸਤਿਗੁਰੂ ਜੀ ਪਾਸ ਉਸ ਪੰਡਤ ਦਾ ਉਟੰਕਣ ਆ ਦਸਿਆ । ਸਤਿਗੁਰੂ ਮੁਸਕਰਾਏ ਤੇ ਕਹਿਣ ਲਗੇ ਕਿ ਜੇ ਅਸਾਂ ਅਰਥ ਸੁਣਾਏ ਤਾਂ ਫਿਰ ਉਸ ਨੇ ਹੁਜਤ ਭੇੜਨੀ ਹੈ ਕਿ ਇਹ ਵਡੇ ਘਰਾਣੇ ਦੇ ਪੁੱਤਰ ਹਨ ਅਤੇ ਇਨ੍ਹਾਂ ਨੇ ਕਿਸੇ ਪੰਡਤ ਪਾਸੋਂ ਇਹ ਅਰਥ ਸਿਖੇ ਹੋਏ ਹਨ । ਮੇਰਾ ਗੁਰੂ ਨਾਨਕ ਪਾਤਸ਼ਾਹ ਬਹੁਤ ਵੱਡਾ ਹੈ । ਉਸ ਦੇ ਦਰ ਦੇ ਕੂਕਰਾਂ ਵਿਚ ਵੀ ਮਹਾਨ ਸ਼ਕਤੀਆਂ ਹਨ । ਉਸ ਨੂੰ ਕਹੋ, ਭਾਈ, ਤੂੰ ਕਿਸੇ ਅਨਪੜ੍ਹ ਨੂੰ ਲੈ ਆ, ਸਤਿਗੁਰੂ ਨਾਨਕ ਦੇਵ ਜੀ ਦੀ ਬਖ਼ਸ਼ਸ਼ ਨਾਲ ਉਸ ਨੂੰ ਭੀ ਸਭ ਸੋਝੀ ਹੋ ਆਵੇਗੀ । ਪੰਡਤ ਇਹ ਸੁਣ ਕੇ ਪਿੰਡ ਗਿਆ ਅਤੇ ਇਕ ਝੀਊਰ ਦੇ ਗੁੰਗੇ ਮੁੰਡੇ ਛੱਜੂ ਨੂੰ ਫੜ ਲਿਆਇਆ । ਗੁਰੂ ਪਾਤਸ਼ਾਹ ਨੇ ਉਸ ਦੇ ਸਿਰ ਤੇ ਆਪਣੀ ਛਟੀ ਰਖੀ ਤਾਂ ਉਸ ਦੇ ਕਪਾਟ ਖੁਲ੍ਹ ਗਏ ਅਤੇ ਐਸੀ ਸੋਝੀ ਹੋ ਆਈ ਕਿ ਉਸ ਨੇ ਗੀਤਾ ਦੇ ਅਰਥ ਅਜਿਹੀ ਵਿਦਵਤਾ ਨਾਲ ਸੁਣਾਏ ਕਿ ਪੰਡਤ ਹੋਰਾਂ ਦੀ ਵਿਦਿਆ ਦਾ ਸਾਰਾ ਮਾਣ ਚਕਨਾਚੂਰ ਹੋ ਗਿਆ । ਪੰਡਿਤ ਦੀ ਤਸੱਲੀ ਹੋ ਜਾਂਦੀ ਹੈ ਕਿ ਇਹ ਬੱਚਾ ਨਹੀਂ, ਸਗੋਂ ਪੂਰਨ ਸਮਰੱਥ ਗੁਰੂ ਹਨ । ਉਹ ਗੁਰੂ ਸਾਹਿਬ ਜੀ ਦੇ ਚਰਨੀਂ ਢਹਿ ਪੈਂਦਾ ਹੈ ਅਤੇ ਆਪਣੀ ਮੂਰਖਤਾਈ ਕਾਰਨ ਭੁੱਲ ਦੀ ਖਿਮਾ ਮੰਗਦਾ ਹੈ । ਹੈ ਕੋਈ ਮੌਜੂਦਾ ਦੇਹਧਾਰੀ ਗੁਰੂਆਂ ਵਿਚੋਂ ਅਜਿਹੀ ਪਾਇਆਂ ਦਾ ਮਾਲਕ ?

ਜਦ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਸਿੱਖਾਂ ਨੂੰ ਦੱਸਿਆ ਕਿ ਉਨ੍ਹਾਂ ਦਾ ਜੋਤੀ ਜੋਤਿ ਸਮਾਉਣ ਦਾ ਸਮਾਂ ਆ ਗਿਆ ਹੈ, ਤਾਂ ਸਿੱਖਾਂ ਨੇ ਪੁੱਛ ਕੀਤੀ ਕਿ ਸਾਨੂੰ ਕਿਨ੍ਹਾਂ ਦੇ ਚਰਨੀਂ ਲਾ ਜਾਓਗੇ ?" ਗੁਰੂ ਸਾਹਿਬ ਜੀ "ਬਾਬਾ ਬਕਾਲੇ" ਕਹਿ ਕੇ ਜੋਤੀ ਜੋਤਿ ਸਮਾ ਗਏ । ਗੁਰੂ ਸਾਹਿਬ ਜੀ ਦੇ ਇਨ੍ਹਾਂ ਸ਼ਬਦਾਂ ਵਿਚ ਬੜਾ ਭਾਰੀ ਭੇਦ ਲੁਕਿਆ ਹੋਇਆ ਸੀ । ਜਿਨ੍ਹਾਂ ਜਿਨ੍ਹਾਂ ਪਾਸ ਇਹ ਖਬਰ ਪੁੱਜੀ, ਉਨ੍ਹਾਂ ਨੇ ਹੀ ਨਾਵੇਂ ਗੁਰੂ ਸਾਹਿਬ ਜੀ ਦੀ ਭਾਲ ਲਈ ਬਕਾਲੇ ਪਿੰਡ ਵਲ ਧਾਈਆਂ ਕਰ ਲਈਆਂ । ਅਤੇ ਉਸ ਪਿੰਡ ਵਿਚ ਗੁਰੂ ਸਾਹਿਬ ਜੀ ਦੀ ਤਲਾਸ਼ ਸ਼ੁਰੂ ਹੋ ਗਈ । ਜਦ ਉਨ੍ਹਾਂ ਪਾਖੰਡੀਆਂ, ਜਿਨ੍ਹਾਂ ਦਾ ਗੁਰੂ-ਅੰਸ਼ ਨਾਲ ਥੋੜ੍ਹਾ ਬਹੁਤਾ ਦੂਰ ਨੇੜੇ ਦਾ ਸਨਬੰਧ ਸੀ, ਨੂੰ ਪਤਾ ਲਗਾ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਤਾਂ ਜੋਤੀ ਜੋਤਿ ਸਮਾਉਣ ਲਗਿਆਂ ਕਿਸੇ ਦਾ ਨਾਮ ਨਹੀਂ ਲਿਆ, ਕੇਵਲ ਬਕਾਲੇ ਪਿੰਡ ਦਾ ਹੀ ਨਾਮ ਲਿਆ ਹੈ, ਤਾਂ ਇਨ੍ਹਾਂ ਵਿਚੋਂ ਕਈਆਂ ਨੇ ਆ ਇਸ ਪਿੰਡ ਵਿਚ ਆਪਣੇ ਝੰਡੇ ਗੱਡੇ । ਚੰਗਿਆਂ ਪਲੰਘਾਂ ਉੱਤੇ ਕਪੜੇ ਵਿਛਾ ਕੇ ਢਾਸਣਾ ਲਾ ਕੇ ਗੁਰੂ ਬਣ ਕੇ ਬੈਠ ਗਏ । ਤਵਾਰੀਖ ਦੱਸਦੀ ਹੈ ਕਿ ਬਕਾਲੇ ਪਿੰਡ ਵਿਚ ੨੨ ਗੁਰੂ ਮੰਜੀਆਂ ਡਾਹ ਬੈਠੇ ਸਨ । ਇਨ੍ਹਾਂ ਸਾਰੇ



www.AKJ.Org

ਕੱਚੇ ਗੁਰੂਆਂ ਨੇ ਆਪਣੇ ਆਪਣੇ ਏਜੰਟਾਂ ਨੂੰ ਦੂਰ ਨੇੜੇ ਪਰਚਾਰ ਲਈ ਭੇਜ ਦਿਤਾ ਅਤੇ ਚੜ੍ਹਾਵੇ ਇਕੱਠੇ ਕਰਨੇ ਸ਼ੁਰੂ ਕਰ ਦਿਤੇ। ਇਨ੍ਹਾਂ ਸਾਰਿਆਂ ਨੇ ਹੀ ਆਪਣੀ ਆਪਣੀ ਚਰਨ ਪਾਹੁਲ ਭੀ ਦੇਣੀ ਅਰੰਭ ਕਰ ਦਿਤੀ ਅਤੇ ਸੇਵਕਾਂ ਨੂੰ ਅਸੀਸਾਂ ਭੀ ਇਕ ਦੂਜੇ ਤੋਂ ਵਧ ਚੜ੍ਹ ਕੇ ਦੇਣ ਲਗ ਪਏ।

ਏਸੇ ਤਰ੍ਹਾਂ ਕੁਝ ਸਮਾਂ ਬੀਤ ਗਿਆ। ਮੱਖਣ ਸ਼ਾਹ ਲੁਬਾਣਾ ਨਾਮੇ ਇਕ ਸੌਦਾਗਰ ਦਾ ਜਹਾਜ਼ ਦਰਿਆ ਦੇ ਕਿਸੇ ਬਰੇਤੇ ਵਿਚ ਫਸ ਗਿਆ। ਬੜਾ ਉਪਰਾਲਾ ਕਰਨ ਨਾਲ ਭੀ ਜਹਾਜ਼ ਬਰੇਤੇ ਵਿਚੋਂ ਨਾ ਨਿਕਲਿਆ। ਤਾਂ ਮੱਖਣ ਸ਼ਾਹ ਨੇ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਨੂੰ ਸੰਬੋਧਨ ਕਰ ਕੇ ਅਰਦਾਸ ਕੀਤੀ ਅਤੇ ਕਿਹਾ ਕਿ ਘਟ ਘਟ ਦੇ ਜਾਨਣਹਾਰ ਸਰਬ ਕਲਾ ਸਮਰੱਥ ਗੁਰੂ ਜੀ, ਕਿਰਪਾ ਕਰਕੇ ਮੇਰਾ ਜਹਾਜ਼ ਇਸ ਬਰੇਤੇ ਵਿਚੋਂ ਕੱਢ ਦਿਓ, ਮੈਂ ੫੦੦ ਮੋਹਰਾਂ ਆਪ ਜੀ ਦੀ ਭੇਟ ਕਰਾਂਗਾ। ਗੁਰੂ ਸਾਹਿਬ ਜੀ ਦੀ ਕਿਰਪਾ ਹੋਈ ਤਾਂ ਇਸ ਦਾ ਜਹਾਜ਼ ਬਰੇਤੇ ਚੋਂ ਨਿਕਲ ਕੇ ਪਾਣੀ ਉੱਤੇ ਤਰ ਪਿਆ। ਇਹ ਲੁਬਾਣਾ ਸਿੱਖ ਆਪਣੇ ਟਿਕਾਣੇ ਪਹੁੰਚਣ ਮਗਰੋਂ ਆਪਣੀ ਸੁੱਖਣਾ ਲੈ ਕੇ ਗੁਰੂ ਸਾਹਿਬ ਬਾਰੇ ਪੁੱਛਦਾ ਪੁੱਛਦਾ ਬਕਾਲੇ ਜਾ ਪਹੁੰਚਾ। ਏਥੇ ਆ ਕੇ ਇਸ ਨੂੰ ਪਤਾ ਲਗਾ ਕਿ ਪਿੰਡ ਵਿਚ ਤਾਂ ੨੨ ਗੁਰੂ ਮੰਜੀਆਂ ਡਾਹੀ ਬੈਠੇ ਹਨ। ਸੁੱਖਣਾ ਕਿਸ ਗੁਰੂ ਅੱਗੇ ਚੜ੍ਹਾਈ ਜਾਏ? ਤਾਂ ਆਪੇ ਹੀ ਮਨ ਵਿਚ ਖ਼ਿਆਲ ਆਇਓਸੁ ਕਿ ਇਨ੍ਹਾਂ ਸਾਰਿਆਂ ਅੱਗੇ ਦੋ ਦੋ ਮੋਹਰਾਂ ਰੱਖ ਕੇ ਮੱਥਾ ਟੇਕੀ ਜਾਂਦਾ ਹਾਂ। ਇਨ੍ਹਾਂ ਵਿਚੋਂ ਜਿਹੜਾ ਸੱਚਾ ਗੁਰੂ ਹੋਵੇਗਾ, ਉਹ ਆਪੇ ਸਾਰੀ ਸੁੱਖਣਾ ਮੰਗ ਲਏਗਾ। ਸੋ ਮੱਖਣ ਸ਼ਾਹ ਨੇ ਐਸਾ ਹੀ ਕੀਤਾ। ਇਨ੍ਹਾਂ ਸਾਰੇ ਪਖੰਡੀ ਗੁਰੂਆਂ ਨੇ ਦੋ ਦੋ ਮੋਹਰਾਂ ਦਾ ਮੱਥਾ ਟੇਕਿਆ ਸਵੀਕਾਰ ਕਰਕੇ, ਸਿੱਖੀ ਦੀ ਚੜ੍ਹਦੀ ਕਲਾ ਅਤੇ ਵਾਪਾਰ ਵਿਚ ਵਾਧੇ ਲਈ ਰਜਵੀਆਂ ਅਸੀਸਾਂ ਦਿਤੀਆਂ। ਪਰ ੫੦੦ ਮੋਹਰਾਂ ਵਲ ਇਸ ਲਾਣੇ ਵਿਚੋਂ ਕਿਸੇ ਨੇ ਭੀ ਇਸ਼ਾਰਾ ਨਾ ਕੀਤਾ। ਵਿਚਾਰੇ ਇਸ਼ਾਰਾ ਕਰਦੇ ਭੀ ਕਿਵੇਂ?

ਲੁਬਾਣੇ ਸਿਖ ਨੂੰ ਇਨ੍ਹਾਂ ਪਖੰਡੀ ਗੁਰੂਆਂ ਦੇ ਸਵੱਛ ਸੁਫ਼ੈਦ ਪਹਿਰੇ ਹੋਏ ਕਪੜੇ ਦੇਖ ਕੇ, ਵਧੀਆ ਵਧੀਆ ਪਲੰਘਾਂ ਉਤੇ ਕੀਮਤੀ ਬਿਸਤਰਿਆਂ ਉਤੇ ਤਕੀਏ ਲਗਾ ਕੇ ਬੈਠਿਆਂ ਹੋਇਆ ਦੇਖ ਕੇ, ਇਨ੍ਹਾਂ ਦੇ ਸਿਰਾਂ ਉਤੇ ਚੌਰ ਝੁਲਦੇ ਤੱਕ ਕੇ, ਇਨ੍ਹਾਂ ਦੇ ਏਜੰਟਾਂ ਦੇ ਆਪੋ ਆਪਣੇ ਗੁਰੂ ਦੀ ਉਸਤਤ ਦੇ ਪੁਲ ਬੰਨ੍ਹਦਿਆਂ ਹੋਇਆਂ ਸੁਣ ਕੇ ਸਗੋਂ ਬਹੁਤ ਨਿਰਾਸਤਾ ਹੋਈ। ਫਿਰ ਇਹ ਲੁਬਾਣਾ ਸਿੱਖ ਬਕਾਲੇ ਪਿੰਡ ਦੀਆਂ ਗਲੀਆਂ ਵਿਚ ਲਗਾ ਏਧਰ ਓਧਰ ਚੱਕਰ ਕੱਢਣ ਅਤੇ ਪੁੱਛਾਂ ਕਰਨ ਕਿ ਇਸ ਪਿੰਡ ਵਿਚ ਹੋਰ ਭੀ ਕੋਈ ਸਾਧੂ ਸੰਤ ਹੈ? ਕੋਈ ਸਾਧੂ ਸੰਤ ਹੋਵੇ ਤਾਂ ਕੋਈ ਦੱਸੇ। ਵਿਚਾਰੇ ਸਿੱਖ ਨੂੰ ਫਿਰਦੇ ਫਿਰਦੇ ਨੂੰ ਕਾਫੀ ਸਮਾਂ ਲੱਗ ਗਿਆ। ਕਿਸੇ ਸੰਤ ਦੀ ਕੋਈ ਦੱਸ ਧੁੱਖ ਹੀ ਨਾ ਪਵੇ।

ਮੱਖਣ ਸ਼ਾਹ ਨੂੰ ਇਹ ਯਕੀਨ ਜ਼ਰੂਰ ਸੀ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਜੋ "ਬਾਬਾ ਬਕਾਲੇ" ਵਾਲਾ ਬਚਨ ਕੀਤਾ ਹੈ, ਉਹ ਬਚਨ ਜ਼ਰੂਰ ਸੱਚਾ ਹੈ। ਹੋਏਗਾ ਤਾਂ ਗੁਰੂ ਬਾਬਾ ਇਸ ਪਿੰਡ ਵਿਚ ਹੀ। ਸੋ ਇਸ ਸਿੱਖ ਨੇ ਆਪਣੀ ਪੁੱਛ ਗਿੱਛ ਜਾਰੀ ਹੀ ਰੱਖੀ। ਜਿਹੜਾ ਕੋਈ ਮਿਲੇ ਓਸੇ ਨੂੰ ਹੀ ਪੁਛਣ ਲੱਗ ਪਵੇ। ਆਖ਼ਰ ਸਮਾਂ ਆ ਗਿਆ। ਤਾਂ ਇਕ ਬੰਦੇ ਨੇ ਦਸਿਆ ਕਿ ਇਸ ਪਿੰਡ ਵਿਚ ਇਕ ਮਸਤਾਨਾ ਜਿਹਾ ਮੋਨਧਾਰੀ ਵਿਅਕਤੀ ਰਹਿੰਦਾ ਹੈ। ਉਹ ਆਪਣੇ ਘਰ ਦੇ ਭੋਰੇ ਵਿਚ ਹੀ ਬੈਠਾ ਰਹਿੰਦਾ ਹੈ। ਕਿਸੇ ਨਾਲ ਬੋਲਦਾ ਨਹੀਂ। ਕਦੇ ਕਦੇ ਬਾਹਰ ਨਿਕਲਦਾ ਹੈ। ਲੋਕੀਂ ਉਸ ਨੂੰ ਕਮਲਾ ਤੇਗਾ ਕਰਕੇ ਕਹਿੰਦੇ ਹਨ। ਭਾਵੇਂ ਉਸ ਨੂੰ ਕੋਈ ਕੁਝ ਕਹੇ, ਉਹ ਜ਼ਬਾਨੋਂ ਕੁਝ ਬੋਲਦਾ ਹੀ ਨਹੀਂ। ਇਹ ਸੁਣ ਕੇ ਲੁਬਾਣੇ ਸਿੱਖ ਨੇ ਉਸ ਕਮਲੇ ਤੇਗੇ (ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਸੱਚੇ ਪਾਤਸ਼ਾਹ ਜੀ ਬਖਸ਼ ਲੈਣਾ) ਦਾ ਘਰ ਪੁੱਛ ਕੇ ਜਾ ਉਨ੍ਹਾਂ ਦੇ ਦਰਸ਼ਨ ਕੀਤੇ। ਪਹਿਲਿਆਂ ਗੁਰਆਂ ਵਾਂਗ ਉਨ੍ਹਾਂ ਅਗੇ ਭੀ ਦੋ ਮੋਹਰਾਂ ਰੱਖ ਕੇ ਮੱਥਾ ਟੇਕਿਆ। ਤਾਂ ਦੀਨ ਦੁਨੀ ਦੇ ਮਾਲਕ ਬ੍ਰਹਮ-ਸਮਸਰ ਜੀ ਨੇ ਆਪਣੀ ਪਵਿੱਤਰ ਰਸਨਾ ਤੋਂ ਕੁਝ ਇਸ ਪ੍ਰਕਾਰ ਦੇ ਸ਼ਬਦ ਉਚਰੇ, "ਭਾਈ ਤੂੰ, ਸੁੱਖੀਆਂ ਤਾਂ ੫੦੦ ਮੋਹਰਾਂ ਸਨ। ਹੁਣ ਕੇਵਲ ਦੋ ਹੀ ਚੜ੍ਹਾ ਰਿਹਾ ਹੈਂ। ਬਾਕੀ ਮੋਹਰਾਂ ਦੀ ਖ਼ਿਆਨਤ ਕਿਉਂ



www.AKJ.Org

ਕਰ ਰਿਹਾ ਹੈਂ ? ਬੱਸ, ਇਹ ਸ਼ਬਦ ਸੁਣਨ ਦੀ ਹੀ ਦੇਰ ਸੀ ਕਿ ਲੁਬਾਣਾ ਗੁਰਸਿੱਖ ਗੁਰੂ ਸਾਹਿਬ ਜੀ ਦੇ ਕੋਠੇ ਦੀ ਛੱਤ ਉੱਤੇ ਜਾ ਚੜ੍ਹਿਆ ਅਤੇ ਲੱਗਾ ਉੱਚੀ ਉੱਚੀ "ਗੁਰੂ ਲਾਧੋ ਰੇ,ਗੁਰੂ ਲਾਧੋ ਰੇ" ਕਰਨ । ਗੱਲ ਕੀ, ਝਟਾ ਪੱਟ ਹੀ ਸਾਰੇ ਪਿੰਡ ਵਿੱਚ ਇਹ ਖ਼ਬਰ ਫੈਲ ਗਈ । ਇਸ ਨਾਲ ੨੨ ਪਖੰਡੀ ਗੁਰੂਆਂ ਦੀ ਕਰਤੂਤ ਵੀ ਉੱਘੜ ਗਈ । ਉਨ੍ਹਾਂ ਝੱਟ ਦੇਣੀ ਆਪਣੇ ਬਿਸਤਰੇ ਬੋਰੀਏ ਵਲ੍ਹੇਟਣ ਦੀ ਕੀਤੀ,ਅਤੇ ਬਕਾਲੇ ਪਿੰਡ ਵਿੱਚੋਂ ਕੂਚ ਕਰ ਗਏ ।

ਇਸ ਕੌਤਕ ਰਾਹੀਂ ਗੁਰੂ ਨਾਨਕ ਸਾਹਿਬ ਜੀ ਨੇ, ਮੋਨਧਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਮੇ, ਮੰਜੀਆਂ ਡਾਹ ਬੈਠਣ ਵਾਲੇ ਪਖੰਡੀ ਦੇਹਧਾਰੀ ਗੁਰੂਆਂ ਦੀ ਕਰਤੂਤ ਦੀ ਝਲਕ ਸੰਸਾਰ ਨੂੰ ਦਿਖਾਈ ਹੈ, ਅਤੇ ਬੁਲਾਇਆਂ ਬੋਲਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲ ਇਸ਼ਾਰਾ ਕੀਤਾਂ ਹੈ । ਅਤੇ ਨਾਲ ਨਾਲ ਹੀ ਪਖੰਡੀ ਦੇਹ-ਧਾਰੀ ਗੁਰੂਆਂ ਦੀ ਕਰਤੂਤ ਨੂੰ ਨੰਗਾ ਕਰਨ ਦਾ ਢੰਗ ਭੀ ਦਰਸਾ ਦਿੱਤਾ ਹੈ । ਮੌਜੂਦਾ ਜ਼ਮਾਨੇ ਵਿੱਚ ਦੇਹਧਾਰੀ ਗੁਰੂਆਂ ਦੀ ਅੰਧੇਰ-ਗਰਦੀ ਦੇ ਹੁੰਦਿਆਂ ਹੋਇਆਂ ਜਿਨ੍ਹਾਂ ਵਿਰਲੀਸ਼ਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੇਦ ਪਾ ਲਿਆ ਹੈ, ਉਹ ਤਾਂ "ਆਨੰਦ ਮਗਨ ਰਸਿਰਾਮ ਰੰਗਿ ਨਾਨਕ ਸਰਨਾਗੈ॥" (੮੧੮) ਹੋ ਕੇ ਵਿਚਰ ਰਹੇ ਹਨ । ਅਤੇ ਬਾਕੀ ਭਰਮ-ਭੁਲਾਈ ਲੁਕਾਈ ਭੰਬਲ-ਭੂਸਿਆਂ ਵਿੱਚ ਪਈ ਹੋਈ ਦੇਹਧਾਰੀ ਗੁਰੂਆਂ ਪਿੱਛੇ ਗੁਮਰਾਹ ਹੋ ਕੇ ਆਪਣਾ ਕੀਮਤੀ ਜੀਵਨ ਅਜਾਈਂ ਗੰਵਾ ਰਹੀ ਹੈ ।

ਮਾੜੀ ਮੋਟੀ ਸਮਝ ਰੱਖਣ ਵਾਲਾ ਪ੍ਰਾਣੀ ਭੀ ਇਹ ਗੱਲ ਸਮਝ ਸਕਦਾ ਹੈ ਕਿ ਜੇ ਰੱਬ ਨੂੰ ਹਮੇਸ਼ਾ ਲਈ ਦੇਹਧਾਰੀ ਗੁਰੂਆਂ ਦਾ ਵਜੂਦ ਹੀ ਭਾਉਂਦਾ ਹੁੰਦਾ ਤਾਂ ਉਸ ਨੂੰ ਆਪ ਗੁਰੂ ਨਾਨਕ ਸਾਹਿਬ ਜੀ ਦੇ ਰੂਪ ਵਿੱਚ ਸੰਸਾਰ ਵਿੱਚ ਆ ਕੇ ਹਰ ਪਹਿਲੂ ਤੋਂ ਪੂਰੀ ਗੁਰਬਾਣੀ ਰਚਣ ਦਾ ਕਾਰਜ ਕਰਨ ਦੀ ਕੀ ਲੋੜ ਸੀ ? ਫਿਰ ਇਸ ਪੂਰੀ ਬਾਣੀ ਬਾਰੇ ਇਹ ਕਹਿਣ ਦੀ ਕੀ ਲੋੜ ਸੀ ਕਿ "ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥" (੯੮੨) ਭਾਵ ਕਿ ਪ੍ਰਾਣੀਆਂ ਨੂੰ ਗੁਰਬਾਣੀ ਤੋਂ ਅਗਵਾਈ ਲੈਣ ਦੀ ਕੀ ਲੋੜ ਸੀ, ਦੇਹਧਾਰੀ ਗੁਰੂ ਹੀ ਬੁੱਤਾ ਸਾਰੀ ਜਾਂਦੇ । ਸੰਸਾਰੀਆਂ ਨੂੰ ਗੁਰ-ਦੀਖਿਅਤ ਕਰਨ ਲਈ ਪੰਜਾਂ ਪਿਆਰਿਆਂ ਦੀ ਸਾਜਨਾ ਕਰਨ ਦੀ ਕੀ ਲੋੜ ਸੀ, ਖੰਡੇ ਦਾ ਅੰਮ੍ਰਿਤ ਛਕਾਣ ਲਈ ? ਦੇਹਧਾਰੀ ਗੁਰੂ ਹੀ ਚਰਨ ਪਾਹੁਲ ਦੇ ਕੇ ਕੰਮ ਚਲਾਈ ਜਾਂਦੇ ?

ਦੇਹਧਾਰੀ ਗੁਰੂਆਂ ਦੀ ਲੋੜ ਨਹੀਂ ਸੀ, ਤਾਹੀਓਂ ਹੀ ੨੩੦ ਬਰਸ ਤੱਕ ਪੂਰੇ ਗੁਰਸਿੱਖੀ ਮਾਰਗ ਦੀ ਘਾੜਤ, ਗੁਰੂ ਨਾਨਕ ਸਾਹਿਬ ਜੀ ਦੇ ਹੱਥੀਂ ਘੜੀਂਦੀ ਰਹੀ । ਇਸ ਸੱਚੀ ਘਾੜਤ ਅਤੇ ਇਸ ਸੱਚੇ ਸਿੱਖੀ ਮਾਰਗ ਨੇ ਜੋ ਰੰਗ ਲਾਏ, ਉਹ ਸੰਸਾਰ ਨੇ ਦੇਖੇ । ਪੂਰੇ ਗੁਰੂ ਨੇ ਪੰਜਾਂ ਪਿਆਰਿਆਂ ਰਾਹੀਂ ਅੰਮ੍ਰਿਤ ਛਕਾਉਣ ਅਤੇ ਨਾਮ ਦੇਣ ਦੀ ਪੂਰੀ ਬਿਧੀ ਚਲਾਈ । ਸਾਰਾ ਖਾਲਸਾ ਪੰਥ ਹੀ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ ਤਿਆਰ ਹੋਇਆ । "ਪੂਰੇ ਗੁਰ ਤੇ ਨਾਮੁ ਪਾਇਆ ਜਾਇ" (੫੯੦) ਦਾ ਭਾਵ ਹੈ ਕਿ ਨਾਮ ਦੀ ਪ੍ਰਾਪਤੀ (ਪੂਰੇ-ਗੁਰੂ-ਰੂਪ) ਪੰਜਾਂ ਪਿਆਰਿਆਂ ਪਾਸੋਂ ਹੀ ਹੋ ਸਕਦੀ ਹੈ, ਕਿਸੇ ਇਕੱਲੇ ਦੁਕੱਲੇ ਪਾਸੋਂ ਨਹੀਂ । "ਬਿਨੁ ਨਾਵੈ ਕੋ ਛੂਟੈ ਨਾਹੀ ਸਭ ਬਾਧੀ ਜਮਕਾਲਿ ॥" (੫੯੯) ਇਸ ਦਾ ਭਾਵ ਹੈ–ਸਾਰੀ ਦੀ ਸਾਰੀ ਲੁਕਾਈ ਹੀ ਜਮਾਂ ਦੇ ਸ਼ਕੰਜੇ ਬੱਧੀ ਪਈ ਹੈ । ਪੰਜਾਂ ਪਿਆਰਿਆਂ ਪਾਸੋਂ ਨਾਮ ਦੀ ਦਾਤਿ ਪ੍ਰਾਪਤ ਕੀਤੇ ਬਿਨਾਂ ਜਮਾਂ ਤੋਂ ਛੁਟਕਾਰਾ ਨਹੀਂ ।

ਖੰਡੇ ਦੇ ਅੰਮ੍ਰਿਤ ਦੀ ਬਰਕਤ ਨਾਲ ਬਾਬਾ ਦੀਪ ਸਿੰਘ ਜੀ ਸਾਰਖੇ ਸਿਰ-ਲੱਥ ਯੋਧੇ ਪੈਦਾ ਹੋਏ, ਜਿਨ੍ਹਾਂ ਦੇ ਸੀਸ-ਰਹਿਤ ਧੜ ਹੀ ਘੰਟਿਆਂ ਬੱਧੀ ਕਈ ਕਈ ਮੀਲਾਂ ਤੱਕ, ਸਿੱਖ ਧਰਮ ਦੇ ਦੋਖੀਆਂ ਨਾਲ ਯੁਧ ਕਰਦੇ ਰਹੇ ਅਤੇ ਕਈਆਂ ਨੂੰ ਪਾਰ ਬੁਲਾ ਕੇ ਉਨ੍ਹਾਂ ਉੱਤੇ ਫ਼ਤਹ ਪਾ ਕੇ ਗੁਰਪੁਰੀ ਪਿਆਨੇ ਕਰ ਗਏ । ਖਾਲਸਾ ਪੰਥ ਵਿੱਚ ਜਿਤਨੇ ਭੀ ਬ੍ਰਹਮ ਗਿਆਨੀ, ਸੰਤ, ਸੂਰਬੀਰ, ਆਦਿ ਹੋਏ ਹਨ, ਸਭ ਨੂੰ ਆਤਮਕ ਖੇੜਾਂ ਦੀਆਂ ਬਰਕਤਾਂ ਖੰਡੇ ਦੇ ਅੰਮ੍ਰਿਤ ਤੋਂ ਹੀ ਪ੍ਰਾਪਤ ਹੋਈਆਂ ਹਨ । ਇਹ ਸਭ ਨੂੰ ਵਿਦਤ ਰਹੇ ਕਿ ਕਲਗੀਧਰ ਪਾਤਸ਼ਾਹ ਜੀ ਨੇ ਅੰਮ੍ਰਿਤ ਤਿਆਰ ਕਰ ਕੇ ਕੇਵਲ ਪੰਜਾਂ ਪਿਆਰਿਆਂ ਦੀ ਹੀ ਸਾਜਨਾ ਕੀਤੀ ਸੀ । ਇਸ ਤੋਂ ਬਾਅਦ ਪੰਜ



www.AKJ.Org

ਪਿਆਰੇ ਹੀ ਅੰਮ੍ਰਿਤ ਤਿਆਰ ਕਰਦੇ ਰਹੇ। ਪੰਜਾਂ ਪਿਆਰਿਆਂ ਦਾ ਤਿਆਰ ਕੀਤਾ ਹੋਇਆ ਅੰਮ੍ਰਿਤ ਸਭ ਤੋਂ ਪਹਿਲੋਂ ਕਲਗੀਧਰ ਪਾਤਸ਼ਾਹ ਜੀ ਨੇ ਆਪ ਛਕਿਆ ਅਤੇ ਇਸ ਤਰ੍ਹਾਂ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਸਜੇ (ਆਪੇ ਗੁਰੁ ਚੇਲਾ...)। ਇਸ ਕਰਤੱਵ ਨੇ ਪੰਜਾਂ ਪਿਆਰਿਆਂ ਦੀ ਵਡਿਆਈ, ਪੂਰਨਤਾ ਅਤੇ ਮਹੱਤਤਾ ਨੂੰ ਪ੍ਰਗਟ ਕੀਤਾ। ਇਸ ਤਰ੍ਹਾਂ ਕਲਗੀਧਰ ਪਾਤਸ਼ਾਹ ਜੀ ਨੇ ਮੋਹਰ ਲਗਾ ਦਿਤੀ ਕਿ ਪੰਜਾਂ ਪਿਆਰਿਆਂ ਪਾਸੋਂ ਖੰਡੇ ਦਾ ਅੰਮ੍ਰਿਤ ਪਾਨ ਕਰਨਾ ਪੂਰਨ ਬਿਧੀ ਹੈ। ਅਤੇ ਇਸ ਬਿਧੀ ਬਿਨਾਂ ਖਾਲਸਾ ਨਹੀਂ ਸਜਿਆ ਜਾ ਸਕਦਾ, ਭਾਵ ਗੁਰਸਿੱਖ ਨਹੀਂ ਸਦਵਾਇਆ ਜਾ ਸਕੀਦਾ।

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੱਕ ਇੱਕੋ ਗੁਰ-ਜੋਤਿ ਅਤੇ ਇੱਕੋ ਜੁਗਤੀ ਵਾਲੇ ਗੁਰੂ-ਰੂਪਾਂ ਦੀ ਲੜੀ ਦੀ ਮਹਿਮਾ, ਅਕਾਲ ਪੁਰਖ ਨੇ, ਗੁਰਬਾਣੀ ਅੰਦਰ ਇਸ ਪ੍ਰਕਾਰ ਦਰਸਾਈ ਹੈ–

ਸਭ ਤੇ ਵਡਾ ਸਤਿਗੁਰ ਨਾਨਕੁ ...॥(੭੫੦) ਨਾਨਕ ਗੁਰੂ ਗੁਰੂ ਹੈ ਪੂਰਾ......॥ (੮੮੨)
ਸਤਿਗੁਰ ਜੇਵਡੁ ਅਵਰੁ ਨ ਕੋਇ ॥ ਗੁਰੁ ਪਾਰਬ੍ਰਹਮੁ ਪਰਮੇਸਰੁ ਸੋਇ ॥ (੧੨੭੧)
ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ ਅਲਖ ਅਭੇਵ ॥ (੫੨੨)
ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ ॥ (੩੮੭)
ਗੁਰ ਕਰਤਾ ਗੁਰੁ ਕਰਣੈਜੋਗੁ ॥ ਗੁਰੁ ਪਰਮੇਸਰੁ ਹੈਭੀ ਹੋਗੁ ॥ (੮੬੪)
ਪਾਰਬ੍ਰਹਮੁ ਪਰਮੇਸਰੁ ਅਨੂਪੁ ॥ ਸਫਲ ਮੂਰਤਿ ਗੁਰੁ ਤਿਸ ਕਾ ਰੂਪੁ ॥ (੧੧੫੨)
ਗੁਰੁਪਰਮੇਸਰੁ ਕਰਣੈਹਾਰੁ ॥ ਸਗਲ ਸ੍ਰਿਸਟਿ ਕਉ ਦੇ ਆਧਾਰੁ ॥ (੭੪੧)
ਗੁਰੁਪਰਮੇਸਰੁ ਏਕੋ ਜਾਣੁ॥ (੮੬੪)
ਪੋਥੀ ਪਰਮੇਸਰ ਕਾ ਥਾਨੁ ॥ (੧੨੨੬)
ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥ (੫੧੫)
ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥ (੬੪੬)
ਗੁਰ ਪੂਰੇ ਪੂਰੀ ਮਤਿ ਹੈ ਪੂਰੇ ਸਬਦਿ ਬੀਚਾਰਾ ॥੨॥ (੧੦੦੯)
ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥੩॥ (੧੦੬੬)
ਪੂਰੇ ਗੁਰ ਕੀ ਪੂਰੀ ਬਾਣੀ ॥੧੫॥(੧੦੭੪) ਬਾਣੀ ਗੁਰੁ ਗੁਰੂ ਹੈ ਬਾਣੀ...॥ (੯੮੨)
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥ (੯੮੨)
ਗੁਰ ਪੂਰੇ ਵਿਣੁ ਮੁਕਤਿ ਨ ਹੋਈ ਸਚੁ ਨਾਮੁ ਜਪਿ ਲਾਹਾਹੇ ॥੨॥ (੧੦੩੨)
ਗੁਰ ਤੇ ਬਾਹਰਿ ਕਿਛੁ ਨਹੀ ਗੁਰੁ ਕੀਤਾ ਲੋੜੇ ਸੁ ਹੋਇ ॥੨॥ (੫੨)
ਬਿਨੁ ਗੁਰ ਪੂਰੇ ਨਾਹੀ ਉਧਾਰ ॥ ਬਾਬਾ ਨਾਨਕ ਆਖੈ ਏਹੁ ਬੀਚਾਰੁ ॥(੮੮੬)

ਸੋ, ਪੂਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਿਨਾਂ ਸੰਸਾਰੀਆਂ ਦਾ ਉਧਾਰ ਅਸੰਭਵ ਹੈ। ਅਗਮ, ਅਗੋਚਰ, ਅਲਖ, ਅਦ੍ਰਿਸ਼ਟ, ਅਕਾਲ ਪੁਰਖ ਦਾ ਇਹ ਕਲਾ-ਕ੍ਰਿਸ਼ਮੀ ਕਲਾਧਾਰੀ ਕਰਤੱਵ ਹੈ ਕਿ ਉਹ ਵਡਭਾਗੀ ਸੰਸਾਰੀਆਂ ਨੂੰ ਗੁਰਬਾਣੀ ਦੇ ਰੂਪ ਵਿਚ ਦਰਸ਼ਨ ਬਖਸ਼ ਰਿਹਾ ਹੈ। ਸੋ ਇਸ ਲੇਖ ਦੇ ਮੁਢਲੇ ਦੋ ਸਵਾਲਾਂ ਦਾ ਜਵਾਬ ਇਹ ਬਣਦਾ ਹੈ :–

੧. ਕਉਣੁ ਗੁਰੂ ?––ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
ਕੈਪਹਿ ਦੀਖਿਆ ਲੇਵਾ ?––ਪੰਜਾਂ ਪਿਆਰਿਆਂ ਪਾਸੋਂ।

ਧੰਨ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਭੁੱਲਾਂ ਚੁੱਕਾਂ ਵੱਲੋਂ ਦਾਸ ਖਿਮਾ ਦਾ ਜਾਚਕ ਹੈ ਜੀ।

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ।



www.AKJ.Org

## ਅੰਮ੍ਰਿਤਧਾਰੀ ਸਿੰਘਾਂ ਦੀ ਫੜੋ ਫੜੀ ਤੇ ਸਖ਼ਤੀ–ਅਖ਼ਬਾਰਾਂ ਦੀ ਜ਼ਬਾਨੀ

**ਭਾ: ਚਤਰ ਸਿੰਘ ਜੀ**–ਰੋਜ਼ਾਨਾ ਅਜੀਤ ੧੮ ਜੁਲਾਈ ਪੰਨਾ ੨ ਤੇ ਇਹ ਖ਼ਬਰ ਦਿਤੀ ਹੋਈ ਹੈ–

ਅੰਮ੍ਰਿਤਸਰ, ੧੭ ਜੁਲਾਈ–ਸੰਤ ਅਕਾਲੀ ਦਲ ਨੇ ਦੋਸ਼ ਲਗਾਇਆ ਹੈ ਕਿ ਸ: ਚਤਰ ਸਿੰਘ ਸੈਕਸ਼ਨਲ ਅਫ਼ਸਰ ਡੀ. ਈ. ਟੀ. ਅੰਮ੍ਰਿਤਸਰ, ਜਿਹਨਾਂ ਨੂੰ ਪੁਲਸ ਨੇ ਉਹਨਾਂ ਦੇ ਕ੍ਰਿਸ਼ਨ ਨਗਰ ਸਥਿਤ ਘਰੋਂ ੧੦ ਜੁਲਾਈ ਨੂੰ ਤੜਕੇ ਤਿੰਨ ਵਜੇ ਫੜਿਆ ਸੀ, ਦੀ ਗ੍ਰਿਫਤਾਰੀ ੧੫ ਜੁਲਾਈ ਨੂੰ ਪਾਈ ਗਈ। ਇਥੋਂ ਜਾਰੀ ਕੀਤੇ ਗਏ ਇਕ ਬਿਆਨ ਅਨੁਸਾਰ ਸ: ਚਤਰ ਸਿੰਘ ਨੂੰ ਕਲ ਜੁਡੀਸ਼ਲ ਮੈਜਿਸਟਰੇਟ ਸ: ਸੁਰਜੀਤ ਸਿੰਘ ਕੰਵਲ ਦੀ ਅਦਾਲਤ ਵਿਚ ਪੇਸ਼ ਕਰਕੇ ੨੭ ਜੁਲਾਈ ਤਕ ਪੁਲਿਸ-ਰੀਮਾਂਡ ਲੈ ਕੇ ਇੰਟੈਰੋਗੇਸ਼ਨ ਸੈਂਟਰ ਭੇਜ ਦਿਤਾ ਗਿਆ ਹੈ। ਮਾਨ ਯੋਗ ਜੱਜ ਨੇ ਸਰਦਾਰ ਚਤਰ ਸਿੰਘ ਦੇ ਡਾਕਟਰੀ ਮੁਆਇਨਾ ਕਰਾਉਣ ਲਈ ਆਦੇਸ਼ ਦਿਤੇ। ਪ੍ਰੈਸ ਨੋਟ ਵਿਚ ਦੋਸ਼ ਲਗਾਇਆ ਗਿਆ ਹੈ ਕਿ ਸ: ਚਤਰ ਸਿੰਘ ਨੂੰ ਪੁਲਸ ਨੇ ਇਤਨੀ ਕੁਟ-ਮਾਰ ਕੀਤੀ ਹੈ ਕਿ ਉਹ ਆਪਣੇ ਹੱਥਾਂ ਨਾਲ ਦਸਖ਼ਤ ਵੀ ਚੰਗੀ ਤਰ੍ਹਾਂ ਨਹੀਂ ਕਰ ਸਕਦੇ।

(੨੦ ਜੁਲਾਈ ਨੂੰ ਪੇਸ਼ੀ ਹੋ ਕੇ ਆਪ ਨੂੰ ੨ ਅਗਸਤ ਤਕ ਜੁਡੀਸ਼ਲ ਰੀਮਾਂਡ ਤੇ ਜੇਲ੍ਹ ਭੇਜ ਦਿਤਾ ਗਿਆ।)

**ਭਾਈ ਅਮਰੀਕ ਸਿੰਘ ਜੀ**–ਰੋਜ਼ਾਨਾ ਅਜੀਤ ੨੦ ਜੁਲਾਈ ਪੰਨਾ ੧ ਦੀ ਖ਼ਬਰ ਹੈ :

ਅੰਮ੍ਰਿਤਸਰ, ੧੯ ਜੁਲਾਈ-(ਪੀ. ਟੀ. ਆਈ.) ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਤੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਾ ਦੇ ਨਿਕਟ-ਸਹਿਯੋਗੀ ਭਾਈ ਅਮਰੀਕ ਸਿੰਘ ਨੂੰ ਅਜ ਸਥਾਨਕ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ। ਇਸ ਗੱਲ ਦੀ ਪੁਸ਼ਟੀ ਸਰਕਾਰੀ ਤੌਰ ਤੇ ਵੀ ਹੋ ਚੁਕੀ ਹੈ। ਭਾਈ ਅਮਰੀਕ ਸਿੰਘ ਨੂੰ ਉਸ ਵੇਲੇ ਗ੍ਰਿਫਤਾਰ ਕੀਤਾ ਗਿਆ ਜਦੋਂ ਉਹ, ਸ਼ਨੀਵਾਰ ਨੂੰ ਬਾਬਾ ਬਕਾਲਾ ਨੇੜੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਾ ਦੇ ਫੜੇ ਤਿੰਨ ਸ਼ਰਧਾਲੂਆਂ ਲਈ ਵਕੀਲ ਦਾ ਪ੍ਰਬੰਧ ਕਰਨ ਵਾਸਤੇ ਜ਼ਿਲਾ ਕਚਹਿਰੀਆਂ 'ਚ ਆਏ ਸਨ। ਇਨ੍ਹਾਂ ਤਿੰਨਾਂ ਵਿਅਕਤੀਆਂ ਨੂੰ ਬਿਨਾਂ ਲਾਇਸੰਸ ਅਸਲਾ ਰਖਣ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਨ੍ਹਾਂ ਤਿੰਨਾਂ ਨੂੰ ਅਜ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿਸ ਨੇ ਇਨ੍ਹਾਂ ਦਾ ਪੁਲਸ-ਰੀਮਾਂਡ ਦੇ ਦਿੱਤਾ। ਡੀ. ਆਈ. ਜੀ. ਜਾਲੰਧਰ ਰੇਂਜ ਸ: ਏ. ਐਸ. ਅਟਵਾਲ ਨੇ ਇਕ ਬਿਆਨ ਵਿਚ ਦੱਸਿਆ ਕਿ ਭਾਈ ਅਮਰੀਕ ਸਿੰਘ ਨੂੰ ਅਜ ਬਾਅਦ ਦੁਪਹਿਰ ਉਨ੍ਹਾਂ ਦੇ ਤਿੰਨ ਸਾਥੀਆਂ ਰਛਪਾਲ ਸਿੰਘ, ਕੁਲਵੰਤ ਸਿੰਘ ਤੇ ਲੱਖਾ ਸਿੰਘ ਸਮੇਤ ਗ੍ਰਿਫਤਾਰ ਕੀਤਾ ਗਿਆ ਤੇ ਉਹਨਾਂ ਤੋਂ ਅਸਲਾ ਖੋਹ ਲਿਆ ਗਿਆ। ਰਛਪਾਲ ਸਿੰਘ ਕੋਲ ੩੨ ਬੋਰ ਦਾ ਰਿਵਾਲਵਰ ਸੀ ਜਿਸ ਦਾ ਲਾਇਸੈਂਸ ਰੀਨਿਊ ਨਹੀਂ ਹੋਇਆ ਸੀ, ਜਦੋਂ ਕਿ ਕੁਲਵੰਤ ਸਿੰਘ ਤੋਂ ੩੮ ਬੋਰ ਦਾ ਰੀਵਾਲਵਰ ਤੇ ਲੱਖਾ ਸਿੰਘ ਤੋਂ ਕਾਰਬਾਈਨ ਮਿਲੀ ਜੋ ਕਿ ਭਾਈ ਅਮਰੀਕ ਸਿੰਘ ਦੀ ਸੀ, ਸ: ਪਰੰਤੂ ਉਨ੍ਹਾਂ ਕੋਲ ਇਹ ਅਸਲਾ ਚੁਕਣ ਦਾ ਲਾਇਸੈਂਸ ਨਹੀਂ ਸੀ। ਭਾਈ ਅਮਰੀਕ ਸਿੰਘ ਨੂੰ ਨਿਰੰਕਾਰੀ ਮੁਖੀ ਸ਼ਾਂਤ ਤੇ ਕਾਤਲਾਨਾ ਹਮਲੇ ਦੀ ਸਾਜ਼ਸ਼ ਵਿਚ ਤੇ ਦਫਾ ੧੪੪ ਦੀ ਉਲੰਘਣਾ ਕਰਨ ਤੇ ਗ੍ਰਿਫਤਾਰ ਕੀਤਾ ਗਿਆ।

**ਭਾ: ਅਮਰਜੀਤ ਸਿੰਘ ਦਾ ਸਸਕਾਰ ਕਰ ਕੇ ਸਰਕਾਰ ਮੁਸ਼ਕਲ ਵਿਚ ਫਸ ਗਈ–**

ਰੋਜ਼ਾਨਾ ਅਜੀਤ ੨੪ ਜੁਲਾਈ ਪੰਨਾ ੧ ਦੀ ਖ਼ਬਰ ਹੈ :

ਚੰਡੀਗੜ੍ਹ, ੨੩ ਜੁਲਾਈ (ਹਰਕੰਵਲਜੀਤ ਸਿੰਘ)–ਦਹੇੜੂ ਗੋਲੀ ਕਾਂਡ ਦੇ ਕਥਿਤ ਦੋਸ਼ੀ ਅਮਰਜੀਤ ਸਿੰਘ ਦੇ ਪੁਲਿਸ ਮੁਕਾਬਲੇ 'ਚ ਮਾਰੇ ਜਾਣ ਪਿਛੋਂ ਪੁਲਿਸ ਵਲੋਂ ੬ ਘੰਟਿਆਂ ਦੇ ਅੰਦਰ ਹੀ ਉਸ ਦਾ ਸਸਕਾਰ ਕਰ ਦਿਤੇ ਜਾਣ ਤੇ ਪੰਜਾਬ ਸਰਕਾਰ ਬਹੁਤ ਮੁਸ਼ਕਲ ਵਿਚ ਫਸ ਗਈ ਹੈ। ਪੁਲਿਸ ਦੇ ਕਥਨ ਅਨੁਸਾਰ ਅਮਰਜੀਤ ਸਿੰਘ ਦੀ ਪਹਿਲਾਂ ਪਛਾਣ ਨਹੀਂ ਸੀ ਹੋ ਸਕੀ, ਪਰ ਜਲੰਧਰ ਥਾਣੇ ਵਿਚ ਉਸ ਦੀ ਲੱਗੀ ਫ਼ੋਟੋ ਤੋਂ



www.AKJ.Org

ਪਤਾ ਲਗਾ ਕਿ ਇਹ ਦਹੇੜੂ ਗੋਲੀ ਕਾਂਡ ਦਾ ਦੋਸ਼ੀ ਅਮਰਜੀਤ ਸਿੰਘ ਹੈ। ਇਸ ਸਮੇਂ ਤਕ ਪੁਲਿਸ ਉਸ ਦਾ ਸਸਕਾਰ ਕਰ ਚੁਕੀ ਸੀ, ਜਦੋਂ ਕਿ ਮਿਉਂਸਪਲ ਐਕਟ ਅਨੁਸਾਰ ਕਿਸੇ ਵੀ ਲਾਵਾਰਸ ਲਾਸ਼ ਨੂੰ ੩-੪ ਦਿਨ ਤਕ ਪਛਾਣ ਲਈ ਰਖਣਾ ਪੈਂਦਾ ਹੈ ਤੇ ਉਸ ਦੀ ਫ਼ੋਟੋ ਵੀ ਅਖ਼ਬਾਰਾਂ ਵਿਚ ਦੇਣੀ ਪੈਂਦੀ ਹੈ। ਮਿਉਂਸਪਲ ਐਕਟ ਦੀ ਉਲੰਘਣਾ ਕਰਕੇ ਪੁਲਿਸ ਵਲੋਂ ਸਸਕਾਰ ਲਈ ਕੀਤੀ ਗਈ ਕਾਹਲੀ ਤੋਂ ਸਾਫ਼ ਪਤਾ ਲਗਦਾ ਹੈ ਕਿ ਪੁਲਿਸ ਇਸ ਗਲੋਂ ਡਰਦੀ ਸੀ ਕਿ ਕਿਤੇ ਉਸਦੇ ਵਾਰਸ ਦੁਬਾਰਾ ਪੋਸਟ ਮਾਰਟਮ ਲਈ ਨਾ ਕਹਿ ਦੇਣ, ਜਿਸ ਤੋਂ ਅਮਰਜੀਤ ਸਿੰਘ ਨਾਲ ਸਾਰੀ ਹੱਡ ਬੀਤੀ ਦਾ ਪਤਾ ਲਗ ਜਾਵੇਗਾ। ਅਮਰਜੀਤ ਸਿੰਘ ਦਾ ਪੁਲਿਸ ਵਲੋਂ ਉਸ ਦਾ ਸਸਕਾਰ ਕਰ ਦੇਣ ਪਿਛੋਂ ਹੀ ਉਸ ਦੀ ਪਤਨੀ ਨਛੱਤਰ ਕੌਰ ਨੂੰ ਇਸ ਦੀ ਸੂਚਨਾ ਦਿਤੀ ਗਈ ਸੀ।

**ਘਟਨਾਵਾਂ ਦਾ ਪੁਲਸ-ਮੁਕਾਬਲੇ ਨਾਲ ਮੇਲ ਨਹੀਂ–ਡਾ: ਰਾਜਿੰਦਰ ਕੌਰ ਦਾ ਬਿਆਨ–**

ਰੋਜ਼ਾਨਾ ਅਜੀਤ ੨੪ ਜੁਲਾਈ ਪੰਨਾ ੧ ਦੀ ਖ਼ਬਰ ਹੈ :

ਅੰਮ੍ਰਿਤਸਰ, ੨੩ ਜੁਲਾਈ–ਇਸਤ੍ਰੀ ਅਕਾਲੀ ਦਲ ਦੇ ਪ੍ਰਧਾਨ ਡਾ: ਰਾਜਿੰਦਰ ਕੌਰ ਐਮ. ਪੀ. ਨੇ ਇਕ ਬਿਆਨ ਵਿਚ ਇਸ ਗੱਲ ਤੇ ਸ਼ੱਕ ਪ੍ਰਗਟ ਕੀਤਾ ਹੈ ਕਿ ਦਹੇੜੂ ਕਾਂਡ ਦਾ ਦੋਸ਼ੀ ਅਮਰਜੀਤ ਸਿੰਘ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ। ਉਨ੍ਹਾਂ ਕਿਹਾ ਕਿ ਅਮਰਜੀਤ ਸਿੰਘ ਦੀ ਮੌਤ ਬਾਰੇ ਖ਼ਬਰ ਸੁਣ ਕੇ ਉਹ ਲੁਧਿਆਣਾ ਪੁਜੇ ਤੇ ਗੁਰਦੁਆਰਾ ਕਲਗੀਧਰ ਸਿੰਘ ਸਭਾ ਗਏ, ਜਿਥੇ ਅਮਰਜੀਤ ਸਿੰਘ ਦੀ ਮਾਤਾ, ਪਤਨੀ ਤੇ ਬੱਚੇ ਠਹਿਰੇ ਹੋਏ ਸਨ। ਉਨ੍ਹਾਂ ਕਿਹਾ, ਅਮਰਜੀਤ ਸਿੰਘ ਦੀ ਪਤਨੀ ਨਛੱਤਰ ਕੌਰ ਨੂੰ ਲੈ ਕੇ ਅਸੀਂ ਕੁਝ ਇਸਤਰੀਆਂ ਤੇ ਮਰਦ ਗੁਰਦੁਆਰਾ ਸੁਲਤਾਨਪੁਰ ਪੁਜੇ, ਜਿਥੇ ਸਾਨੂੰ ਪਤਾ ਲਗਾ ਕਿ ਜਦ ਪੁਲਿਸ ਵਾਲੇ ਲਾਸ਼ ਦਾ ਪੋਸਟ ਮਾਰਟਮ ਕਰਨ ਲਿਆਏ ਤਾਂ ਉਥੇ ਕਿਸੇ ਨੂੰ ਫਟਕਣ ਤਕ ਨਹੀਂ ਦਿਤਾ ਗਿਆ। ਇੰਜ ਜਾਪਦਾ ਹੈ ਕਿ ਜਿਵੇਂ ਪੁਲੀਸ ਇਹ ਚਾਹੁੰਦੀ ਹੋਵੇ ਕਿ ਲਾਸ਼ ਦੀ ਸ਼ਨਾਖਤ ਨਾ ਹੋਵੇ। ਇਸ ਤੋਂ ਬਾਅਦ ਅਸੀਂ ਡੀ. ਐਸ. ਪੀ, ਨੂੰ ਮਿਲੇ ਤੇ ਮੰਗ ਕੀਤੀ ਕਿ ਸਾਨੂੰ ਉਹ ਥਾਂ ਦਿਖਾਈ ਜਾਵੇ ਜਿਥੇ ਅਮਰਜੀਤ ਸਿੰਘ ਦਾ ਸਸਕਾਰ ਕੀਤਾ ਗਿਆ। ਉਨ੍ਹਾਂ ਨੇ ਐਸ. ਪੀ. ਤੋਂ ਪੁਛ ਕੇ ਸਾਨੂੰ ਸ਼ਮਸ਼ਾਨਘਾਟ ਜਾਣ ਲਈ ਕਿਹਾ ਅਤੇ ਇਹ ਵੀ ਕਿਹਾ ਕਿ ਉਹ ਆਪਣਾ ਆਦਮੀ ਉਥੇ ਭੇਜ ਦੇਵੇ। ਪਰ ਉਥੇ ਕੋਈ ਨਾ ਪੁਜਾ। ਆਖ਼ਰ ਉਥੋਂ ਹੀ ਪੁਛ-ਪੁਛਾ ਕੇ ਅਸਥੀਆਂ ਇਕੱਠੀਆਂ ਕੀਤੀਆਂ ਤੇ ਗੁਰਦੁਆਰੇ ਵਾਪਸ ਆ ਗਏ। ਉਥੋਂ ਸਾਨੂੰ ਇਕ ਸਿੰਘ, ਜਿਸ ਥਾਂ ਤੇ ਮੁਕਾਬਲਾ ਹੋਇਆ ਦੱਸਿਆ ਜਾਂਦਾ ਹੈ, ਉਥੇ ਲੈ ਗਿਆ। ਇਹ ਥਾਂ ਸੁਲਤਾਨਪੁਰ ਤੋਂ ੧੫ ਕਿਲੋਮੀਟਰ ਦੂਰ ਹੈ ਤੇ ਬਿਲਕੁਲ ਵੀਰਾਨ ਹੈ। ਡੀ. ਐਸ. ਪੀ. ਨੇ ਜਾਣ ਤੋਂ ਪਹਿਲਾਂ ਮੁਕਾਬਲੇ ਬਾਰੇ ਇਹ ਦਸਿਆ ਸੀ ਕਿ ਤਿੰਨ ਸਿਪਾਹੀ ਤੇ ਇਕ ਥਾਣੇਦਾਰ ਨੇ ਉਥੇ ਨਾਕਾਬੰਦੀ ਕੀਤੀ ਹੋਈ ਸੀ। ਉਥੋਂ ਇਕ ਮੋਟਰ ਸਾਈਕਲ ਲੰਘਿਆ, ਇਹਨਾਂ ਨੇ ਰੋਕਿਆ, ਅਗੋਂ ਉਹਨਾਂ ਨੇ ਗੋਲੀ ਚਲਾਈ। ਫਿਰ ਇਹਨਾਂ ਨੇ ਵੀ ਗੋਲੀ ਚਲਾਈ। ਜਿਸ ਨਾਲ ਇਕ ਆਦਮੀ ਮਰ ਗਿਆ ਤੇ ਮੋਟਰ ਸਾਈਕਲ ਚਲਾਉਣ ਵਾਲਾ ਦੌੜ ਗਿਆ। ਮੈਂ ਇਹ ਵੀ ਪੁਛਿਆ ਕਿ ਪੁਲਿਸ ਦੀ ਕਿਸੇ ਜੀਪ ਵਗੈਰਾ ਵਿਚ ਕੋਈ ਗੋਲੀ ਲਗੀ ਹੈ। ਉਸ ਨੇ ਕਿਹਾ ਕਿ ਪੁਲਿਸ ਵਾਲੇ ਸਾਈਕਲਾਂ ਉਤੇ ਸਨ ਤੇ ਬੰਦ ਦੇ ਪਿਛੇ ਲੁਕੇ ਹੋਏ ਸਨ। ਕੁਝ ਦਰਖ਼ਤਾਂ ਵਿਚ ਗੋਲੀ ਲਗੀ ਹੈ, ਪੁਲਿਸ ਦੇ ਕਿਸੇ ਨੂੰ ਨਹੀਂ ਲਗੀ।

ਪਿੰਡ ਵਾਲਿਆਂ ਨੇ ਦਸਿਆ ਕਿ ਰਾਤ ਨੂੰ ਕੋਈ ਯਾਰਾਂ ਸਾਢੇ ਯਾਰਾਂ ਵਜੇ ਗੋਲੀ ਚਲਣ ਦੀ ਆਵਾਜ਼ ਆਈ ਸੀ। ਸਵੇਰੇ ਜਦੋਂ ਉਹ ਉਥੇ ਪੁਜੇ ਤਾਂ ਇਕ ਸਿਖ ਦੀ ਲਾਸ਼ ਪਈ ਹੋਈ ਸੀ, ਜਿਸ ਨੇ ਚਿੱਟਾ ਕੁੜਤਾ ਪਜਾਮਾ ਪਾਇਆ ਹੋਇਆ ਸੀ ਤੇ ਅਸਮਾਨੀ ਜਿਹੇ ਰੰਗ ਦੀ ਪਗੜੀ ਕੋਲ ਪਈ ਹੋਈ ਸੀ ਤੇ ਬੂਟ ਵੀ ਲਥੇ ਹੋਏ ਕੋਲ ਪਏ ਸਨ। ਹੱਥ ਵਿਚ ਪਾਸੇ ਤੋਂ ਸਟੇਨਗਨ ਫੜੀ ਹੋਈ ਸੀ। ਸਭ ਤੋਂ ਅਚੰਭੇ ਦੀ ਗੱਲ ਹੈ ਕਿ ਉਸ ਆਦਮੀ ਦੇ ਕਪੜੇ ਲਹੂ ਨਾਲ ਲਥ ਪਥ ਨਹੀਂ ਹੋਏ ਸਨ। ਉਸ ਥਾਂ ਉਤੇ ਖ਼ੂਨ ਜਾਂ ਕਿਸੇ ਹੋਰ ਚੀਜ਼ ਦਾ ਕੋਈ ਇੰਚ ਕੁ ਦਾ ਨਿਸ਼ਾਨ ਸੀ, ਇਤਨਾ ਕੁ ਖ਼ੂਨ ਸ਼ਾਇਦ ਚਿੜੀ ਮਾਰਨ ਨਾਲ ਵੀ ਨਿਕਲ ਆਵੇ। ਮੋਟਰ-ਸਾਈਕਲ ਦੇ ਨਿਸ਼ਾਨ ਵੀ ਨਹੀਂ ਸਨ। ਇਸ ਸਾਰੀ ਕਹਾਣੀ ਵਿਚ ਜਿਨ੍ਹਾਂ ਗੱਲਾਂ ਦੇ ਜੁਆਬ ਸਾਨੂੰ ਨਹੀਂ



www.AKJ.Org

ਮਿਲ ਸਕੇ ਉਹ ਇਸ ਪ੍ਰਕਾਰ ਹਨ :-(੧) ਜਿਸ ਰਾਤ ਦਾ ਮੁਕਾਬਲਾ ਦਸਿਆ ਜਾਂਦਾ ਹੈ ਉਸ ਰਾਤ ਉਥੇ ਘੁਪ ਹਨੇਰਾ ਸੀ। ਉਸ ਛੋਟੇ ਜਿਹੇ ਕੱਚੇ ਰਸਤੇ ਉਤੇ ਜਿਥੇ ਦੋਵੇਂ ਪਾਸੇ ਨਿਵਾਣ ਵੀ ਹੈ, ਉਥੇ ਮੋਟਰ ਸਾਈਕਲ ਬੱਤੀ ਜਲਾਏ ਤੋਂ ਬਿਨਾਂ ਨਹੀਂ ਚਲ ਸਕਦਾ। ਜੇ ਬੱਤੀ ਜਗਦੀ ਸੀ ਤਾਂ ਹਨੇਰੇ ਵਿਚ ਬੱਤੀ ਹੀ ਦਸ ਦਿੰਦੀ ਹੈ ਕਿ ਮੋਟਰ ਸਾਈਕਲ ਕਿਧਰ ਜਾ ਰਿਹਾ ਹੈ ਤੇ ਮੋਟਰ ਸਾਈਕਲ ਦੇ ਡਰਾਈਵਰ ਨੂੰ ਵੀ ਪੁਲੀਸ ਨੇ ਗੋਲੀ ਕਿਉਂ ਨਾ ਮਾਰੀ ? (੨) ਮਿਰਤਕ ਜੋ ਮੁਕਾਬਲੇ ਨਾਲ ਡਿਗਾ ਸੀ ਤਾਂ ਬੂਟ ਕਿਉਂ ਪੈਰੀਂ ਹੀ ਨਾ ਪਏ ਰਹੇ। (੩) ਕੀ ਪੁਲੀਸ ਵਾਲੇ ਇਹੋ ਜਿਹੀ ਸੁੰਨਸਾਨ ਰਾਤ ਨੂੰ ਯਾਰਾਂ ਵਜੇ ਸਾਈਕਲਾਂ ਉਤੇ ਜਾਣ ਦੀ ਹਿੰਮਤ ਕਰ ਸਕਦੇ ਹਨ ? ਫਿਰ ਕਿਸੇ ਸ਼ਕੀ ਆਦਮੀ ਨੂੰ, ਜਿਸ ਕੋਲ ਸਟੇਨਗਨ ਹੋਵੇ, ਉਸਨੂੰ ਚੈਲੰਜ ਕਰਨ ਦੀ ਹਿੰਮਤ ਕਰ ਸਕਦੇ ਹਨ ? (੪) ਕੀ ਉਹਨਾਂ ਕੋਲ ਮੋਟਰ ਸਾਈਕਲ ਉਹ ਸੀ ਜੋ ਹਵਾ ਵਿਚ ਚਲਦਾ ਸੀ, ਜਿਸ ਦੇ ਮਿਟੀ ਵਿਚ ਕੋਈ ਨਿਸ਼ਾਨ ਨਾ ਪਏ ? (੫) ਕੀ ਮਿਰਤਕ ਦੇ ਸਰੀਰ ਵਿਚ ਖ਼ੂਨ ਨਹੀਂ ਸੀ ਕਿ ਗੋਲੀ ਲਗਣ ਉਤੇ ਉਸ ਦੇ ਸਰੀਰ ਵਿਚੋਂ ਨਹੀਂ ਨਿਕਲਿਆ ? (੬) ਜੇ ਮ੍ਰਿਤਕ ਬਾਰੇ ਪੁਲਿਸ ਕੋਲ ਸ਼ਨਾਖਤ ਨਹੀਂ ਸੀ ਤਾਂ ਉਹਨਾਂ ਨੇ ਸਰੀਰ ਸ਼ਨਾਖਤ ਵਾਸਤੇ ਲੋਕਾਂ ਲਈ ਕਿਉਂ ਨਾ ਕਿਧਰੇ ਰਖਿਆ ਤੇ ਲੋਕਾਂ ਕੋਲੋਂ ਲੁਕਾਉਣ ਦੀ ਕੋਸ਼ਿਸ਼ ਕੀਤੀ ਤੇ ਸ਼ਮਸ਼ਾਨ ਘਾਟ ਵੀ ਪੁਲਿਸ ਦੇ ਦੋ ਟਰੱਕ ਗਏ ਤੇ ਕਿਸੇ ਨੂੰ ਲਾਸ਼ ਦੇ ਨੇੜੇ ਨਾ ਫਟਕਣ ਦਿਤਾ। (੭) ਮਿਰਤਕ ਕਿਰਪਾਨਧਾਰੀ ਸੀ, ਪਤਾ ਲਗਾ ਹੈ ਕਿ ਜਦੋਂ ਉਸ ਨੂੰ ਪੋਸਟ ਮਾਰਟਮ ਲਈ ਖੜਿਆ ਹੈ ਤਾਂ ਉਸ ਦੀ ਗਾਤਰੇ ਵਾਲੀ ਕਿਰਪਾਨ ਕਈ ਨਹੀਂ ਸੀ। ਉਹ ਕਿਧਰ ਗਈ ? ਇਥੋਂ ਇਹ ਹੀ ਅੰਦਾਜ਼ਾ ਹੁੰਦਾ ਹੈ ਕਿ ਅਮਰਜੀਤ ਸਿੰਘ ਨੂੰ ਕਿਸੇ ਹੋਰ ਥਾਂ ਮਾਰਿਆ ਗਿਆ ਤੇ ਪੁਲਸ-ਮੁਕਾਬਲੇ ਦਾ ਡਰਾਮਾ ਰਚਿਆ ਗਿਆ।

**ਪੁਲਸ-ਮੁਕਾਬਲਿਆਂ ਦੀ ਜੁਡੀਸ਼ਨ ਜਾਂਚ ਕਰਾਓ—ਸ: ਟੋਹੜਾ ਦੀ ਮੰਗ—**

ਰੋਜ਼ਾਨਾ ਅਜੀਤ ੨੪ ਜੁਲਾਈ ਪੰਨਾ ੧ ਦੀ ਖ਼ਬਰ ਹੈ :

ਲੁਧਿਆਣਾ, ੨੩ ਜੁਲਾਈ—(ਮੁਸਾਫਰ) ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਟੋਹੜਾ ਨੇ ਦੋਸ਼ ਲਗਾਇਆ ਕਿ ਹੁਣ ਤਕ ੨੫ ਸਿੰਘ ਪੁਲਿਸ ਹਰਾਸਤ ਜਾਂ ਪੁਲਿਸ ਹਥੀਂ ਮਰ ਚੁਕੇ ਹਨ ਤੇ ਇਸ ਦੀ ਜ਼ੁਮੇਵਾਰੀ ਸਰਕਾਰ ਤੇ ਆਂਦੀ ਹੈ ਤੇ ਉਹ ਸਰਕਾਰ ਨੂੰ ਹੀ ਇਹਨਾਂ ਸਿੰਘਾਂ ਦਾ ਕਾਤਲ ਸਮਝਦੇ ਹਨ। ਸਰਕਾਰ ਨੇ ਸਿਖਾਂ ਵਿਚ ਸਹਿਮ ਪੈਦਾ ਕਰਨ ਲਈ ਹੀ ਸਭ ਕੁਝ ਕੀਤਾ ਹੈ। ਉਹਨਾਂ ਨੇ ਦੋਸ਼ ਲਗਾਇਆ ਕਿ ਅਮਰਜੀਤ ਸਿੰਘ ੫-੬ ਦਿਨ ਪੁਲਿਸ ਹਿਰਾਸਤ ਵਿਚ ਰੱਖ ਕੇ ਅਸਹਿ ਤਸੀਹੇ ਦਿਤੇ ਗਏ ਤੇ ਫਿਰ ਉਹਨੂੰ ਗੋਲੀਆਂ ਮਾਰ ਕੇ ਮਾਰ ਦਿਤਾ ਗਿਆ। ਸ: ਟੋਹੜਾ ਨੇ ਕਿਹਾ ਕਿ ਸਿਖਾਂ ਲਈ ਕੋਈ 'ਕਾਨੂੰਨ' ਨਹੀਂ ਹੈ ਤੇ ਇਹਨਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕੇਂਦਰ ਦੀ ਅਫਸਰਸ਼ਾਹੀ ਨਾਲ ਮਿਲ ਕੇ ਸਿਖਾਂ ਨੂੰ ਖ਼ਤਮ ਕਰਨ ਦੀ ਨੀਤੀ ਬਣਾਈ ਜਾ ਰਹੀ ਹੈ। ਉਹਨਾਂ ਕਿਹਾ ਮੈਨੂੰ ਪੂਰਾ ਸ਼ੱਕ ਹੈ ਕਿ ਭਾਈ ਅਮਰੀਕ ਸਿੰਘ ਤੇ ਭਾਈ ਥਾਰਾ ਸਿੰਘ ਨੂੰ ਵੀ ਖ਼ਤਮ ਕਰ ਦਿਤਾ ਜਾਏਗਾ। ਸਿਖਾਂ ਤੇ ਮੁਕੱਦਮੇ ਬਣਾਏ ਜਾ ਰਹੇ ਹਨ ਤੇ ਖਾਲਸਾ ਪੰਥ ਤੇ ਸਖ਼ਤੀ ਦਾ ਦੌਰ ਸ਼ੁਰੂ ਹੋ ਗਿਆ ਹੈ। ਉਹਨਾਂ ਅਪੀਲ ਕੀਤੀ ਕਿ ਸਾਰਾ ਪੰਥ ਇਸ ਸਮੇਂ ਇਕੱਠਾ ਹੋ ਜਾਏ। ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿਤੀ ਕਿ ਸਿਖਾਂ ਨੂੰ ਖ਼ਤਮ ਕਰਨ ਦੀ ਪਾਲਿਸੀ ਸਹਿਨ ਨਹੀਂ ਕੀਤੀ ਜਾਏਗੀ। ਉਹਨਾਂ ਸਰਕਾਰ ਨੂੰ ਇਹ ਚਿਤਾਵਨੀ ਦਿਤੀ ਕਿ ਜੇ ਹੁਣ ਹੋਰ ਕਿਸੇ ਸਿਖ ਨੂੰ ਖ਼ਤਮ ਕੀਤਾ ਗਿਆ ਤਾਂ ਉਹਦੇ ਖ਼ਤਰਨਾਕ ਨਤੀਜਿਆਂ ਲਈ ਸਰਕਾਰ ਜ਼ੁਮੇਵਾਰ ਹੋਵੇਗੀ। ਸ: ਟੋਹੜਾ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੋਂ ਇਹਨਾਂ ਸਾਰੇ ਪੁਲਿਸ ਮੁਕਾਬਲਿਆਂ ਦੀ ਜੁਡੀਸ਼ਨ ਜਾਂਚ ਕਰਾਉਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਉਹ ਕਮਿਸ਼ਨ ਅਗੇ ਇਹ ਸਾਬਤ ਨਾ ਕਰ ਸਕੇ ਕਿ ਇਨ੍ਹਾਂ ਸਾਰਿਆਂ ਨੂੰ ਪੁਲੀਸ ਨੇ ਖੜਾ ਕਰ ਕੇ ਗੋਲੀ ਮਾਰੀ ਹੈ, ਤਾਂ ਉਹ ਫਾਂਸੀ ਚੜ੍ਹਨ ਲਈ ਤਿਆਰ ਹੋਣਗੇ। ਇਸ ਤੋਂ ਪਹਿਲਾਂ ਸਰਦਾਰ ਟੋਹੜਾ ਸ: ਅਮਰਜੀਤ ਸਿੰਘ ਦੀ ਵਿਧਵਾ ਬੀਬੀ ਨਛੱਤਰ ਕੌਰ ਨੂੰ ਗੁਰਦੁਆਰਾ ਕਲਗੀਧਰ ਵਿਚ ਮਿਲੇ ਤੇ ਉਨ੍ਹਾਂ ਨੂੰ ਢਾਰਸ ਦਿਤੀ।


www.AKJ.Org

**ਅੰਮ੍ਰਿਤਸਰ ਵਿਚ ਭਾਰੀ ਇਕੱਠ ਅਤੇ ਪੰਥਕ ਲੀਡਰਾਂ ਦੀ ਸਰਕਾਰ ਨੂੰ ਚਿਤਾਵਣੀ–**

ਰੋਜ਼ਾਨਾ ਅਜੀਤ, ੨੬ ਜੁਲਾਈ, ਪੰਨਾ ੧ ਉਤੇ ਖ਼ਬਰ ਹੈ :

ਅੰਮ੍ਰਿਤਸਰ, ੨੫ ਜੁਲਾਈ–(ਰਿਪੋਰਟ : ਕਪੂਰ, ਕਮਲੇਸ਼, ਹ. ਸ.) ਸੰਤ ਜਰਨੈਲ ਸਿੰਘ ਭਿੰਡਰਾਂ ਵਾਲਾ ਨੇ ਕਥਿਤ ਪੁਲਿਸ ਤਸ਼ੱਦਦ ਅਤੇ ਆਲ ਇੰਡੀਆ ਸਿਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਤੇ ਹੋਰਾਂ ਦੀਆਂ ਗ੍ਰਿਫਤਾਰੀਆਂ ਵਿਰੁਧ ਜੋ ਪੰਥਕ ਇਕੱਠ ਸਦਿਆ ਸੀ, ਉਸ ਸੰਬੰਧੀ ਸੰਤ ਜੀ ਨੇ ਦੋਸ਼ ਲਗਾਇਆ ਕਿ ਪੁਲਿਸ ਨੇ ਅੰਮ੍ਰਿਤਸਰ ਦੀ ਨਾਕਾਬੰਦੀ ਕਰ ਦਿਤੀ ਹੈ ਅਤੇ ਸਿਖਾਂ ਨੂੰ ਆਪਣੇ ਧਰਮ ਬਾਰੇ ਗਲ ਬਾਤ ਕਰਨ ਤੋਂ ਰੋਕਿਆ ਜਾ ਰਿਹਾ ਹੈ। ਇਕੱਠ ਵਿਚ ਆਉਣ ਵਾਲਿਆਂ ਨੂੰ ਅੰਮ੍ਰਿਤਸਰ ਤੋਂ ੧੦-੧੦ ਮੀਲ ਦੇ ਫਾਸਲੇ ਤੇ ਰੋਕਿਆ ਗਿਆ। ਸੰਤ ਜੀ ਨੇ ਕਿਹਾ ਕਿ ਜੰਡਿਆਲਾ ਗੁਰੂ ਦੇ ਥਾਣੇ ਵਿਚ ੩੦੦ ਲੋਕਾਂ ਨੂੰ ਰੋਕਿਆ ਗਿਆ। ਪੁਲੀਸ ਕਪਤਾਨ ਨੇ ਇਹ ਗੱਲ ਮੰਨੀ ਕਿ ੫੦-੬੦ ਆਦਮੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ।

**ਪੰਥਕ ਇਕੱਠ**

ਗੁ: ਦੀਵਾਨ ਅਸਥਾਨ ਮੰਜੀ ਸਾਹਿਬ 'ਚ ਪੰਥਕ ਇਕੱਠ, ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਸ਼ਾਮਲ ਹੋਈਆਂ, ਨੂੰ ਸੰਬੋਧਨ ਕਰਦਿਆਂ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਾ ਨੇ ਐਲਾਨ ਕੀਤਾ ਕਿ ਉਨ੍ਹਾਂ ਵਲੋਂ ਰੋਜ਼ਾਨਾ ੫੧ ਸਿੰਘਾਂ ਦੀਆਂ ਗ੍ਰਿਫਤਾਰੀਆਂ ਦੇਣ ਦਾ ਜੋ ਸਿਲਸਿਲਾ ਸ਼ੁਰੂ ਕੀਤਾ ਗਿਆ ਹੈ, ਉਹ ਜਾਰੀ ਰਹੇਗਾ, ਉਹਨਾਂ ਦਾ ਇਹ ਮੋਰਚਾ ਸ਼ਾਂਤਮਈ ਰਹੇਗਾ ਤੇ ਜਿਸ ਮੰਤਵ ਲਈ ਚਲਾਇਆ ਜਾ ਰਿਹਾ ਹੈ, ਉਹ ਪੂਰਾ ਕਰਵਾਇਆ ਜਾਏਗਾ। ਉਹਨਾਂ ਨੇ ਕਿਹਾ, ਇਹ ਮੋਰਚਾ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਕਰਾਰ ਦੇਣ ਲਈ ਵੀ ਹੈ। ਭਾਵੇਂ ਉਹਨਾਂ ਨੂੰ ਸਿਰ ਦੇਣਾ ਪਏ, ਮੋਰਚਾ ਮੁਲਤਵੀ ਨਹੀਂ ਹੋਵੇਗਾ। ਇਹ ਇਕੱਲੇ ਭਾਈ ਅਮਰੀਕ ਸਿੰਘ ਲਈ ਨਹੀਂ ਹੈ, ਸਗੋਂ ਹਰ ਉਸ ਸਿਖ ਲਈ ਹੈ ਜਿਸ ਨੂੰ ਬਿਨਾ ਕਸੂਰ ਹੀ ਫੜ ਕੇ ਤਸ਼ੱਦਦ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪੁਲਿਸ ਨੂੰ ਤਸ਼ੱਦਦ ਕਰਨ ਤੋਂ ਰੋਕਿਆ ਜਾਣਾ ਚਾਹੀਦਾ ਹੈ। ਸੰਤ ਜੀ ਨੇ ਕਿਹਾ ਕਿ ਅਸੀਂ ਹਿੰਦੂਆਂ ਦੇ ਵਿਰੁਧ ਨਹੀਂ ਹਾਂ। ਪੰਥ ਦੀ ਚੜ੍ਹਦੀ ਕਲਾ ਲਈ ਪੰਥਕ ਲੀਡਰ ਜੋ ਫ਼ੈਸਲਾ ਵੀ ਕਰਨਗੇ, ਉਹ ਉਹਨਾਂ ਨੂੰ ਪ੍ਰਵਾਨ ਹੋਵੇਗਾ ਤੇ ਜੇ ਉਹ ਅਗਵਾਈ ਲਈ ਕਹਿਣਗੇ ਤਾਂ ਉਹ ਅਗੇ ਹੋ ਕੇ ਸਿਰ ਦੇਣ ਲਈ ਵੀ ਤਿਆਰ ਹਨ। ਸੰਤ ਜੀ ਨੇ ਕਿਹਾ ਕਿ ਕਲ ਅਕਾਲੀ ਦਲ ਦਾ ਜਰਨਲ ਸਮਾਗਮ ਹੋ ਰਿਹਾ ਹੈ, ਉਹਨਾਂ ਨੂੰ ਇਸ ਬਾਰੇ ਪਤਾ ਨਹੀਂ ਸੀ ਕਿ ਇਹ ਸਮਾਗਮ ਹੋ ਰਿਹਾ ਹੈ।

**ਸ: ਟੌਹੜਾ ਦਾ ਐਲਾਨ**

ਸ: ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਦੋਸ਼ ਲਗਾਇਆ ਕਿ ਪੁਲਿਸ ਨੇ ਅੱਜ ਦਾ ਇਕੱਠ ਫ਼ੇਲ੍ਹ ਕਰਨ ਲਈ ਕਈ ਥਾਵਾਂ ਤੇ ਲਾਠੀਚਾਰਜ ਵੀ ਕੀਤਾ ਹੈ। ਇਹ ਪਹਿਲੀ ਵਾਰ ਸਿਖਾਂ ਨਾਲ ਕੀਤਾ ਜਾ ਰਿਹਾ ਹੈ ਕਿ ਜੱਥਿਆਂ ਨੂੰ ਪੰਥਕ ਸਮਾਗਮ ਤੋਂ ਰੋਕ ਲਿਆ ਗਿਆ। ਪੰਥ ਇਸ ਸਮੇਂ ਸੰਕਟ ਵਿਚ ਹੈ ਤੇ ਸਾਨੂੰ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ। ਇਸ ਵੇਲੇ ਪੰਥ ਵਿਚ ਸਖਤ ਗੁੱਸਾ ਹੈ, ਪਰ ਜੋਸ਼ ਦੇ ਨਾਲ ਹੋਸ਼ ਨਹੀਂ ਗਵਾਣਾ ਚਾਹੀਦਾ। ਅਸੀਂ ਪੂਰੀ ਤੇ ਮੁਕੰਮਲ ਕੌਮ ਹਾਂ। ਅਸੀਂ ਕਿਸੇ ਤੇ ਅਤਿਆਚਾਰ ਨਹੀਂ ਕਰਦੇ, ਪਰ ਅਤਿਆਚਾਰ ਸਹਿਣ ਵੀ ਨਹੀਂ ਕਰਾਂਗੇ। ਸਰਕਾਰ ਸਿਖਾਂ ਚਿ ਸਹਿਮ ਪੈਦਾ ਕਰ ਰਹੀ ਹੈ। ਭਾਈ ਅਮਰੀਕ ਸਿੰਘ ਨੂੰ ਵੀ ਇਸ ਲਈ ਫੜਿਆ ਗਿਆ। ਸਰਕਾਰ ਹਿੰਸਾ ਪੈਦਾ ਕਰ ਕੇ ਭੜਕਾਹਟ ਪੈਦਾ ਕਰਨਾ ਚਾਹੁੰਦੀ ਹੈ। ਇਹਨਾਂ ਘਟਨਾਵਾਂ ਲਈ ਕੇਂਦਰੀ ਤੇ ਰਾਜ ਦੋਵੇਂ ਸਰਕਾਰਾਂ ਦੋਸ਼ੀ ਹਨ।

**ਸ਼੍ਰੋਮਣੀ ਅਕਾਲੀ ਦਲ ਦਾ ਜਨਰਲ ਇਜਲਾਸ–** 'ਅਕਾਲੀ ਪਤ੍ਰਕਾ', ੨੭ ਜੁਲਾਈ, ਪੰਨਾ ੫–

ਅੰਮ੍ਰਿਤਸਰ, ੨੬ ਜੁਲਾਈ (ਵਿ. ਪ੍ਰ:) ਅਕਾਲੀ ਦਲ ਦੇ ਜਨਰਲ ਹਾਊਸ ਦੇ ਇਜਲਾਸ ਵਿਚ ਪੰਜਾਬ ਦੇ ਸਾਬਕਾ ਖਜ਼ਾਨਾ ਮੰਤਰੀ ਸ: ਬਲਵੰਤ ਸਿੰਘ ਨੇ ਸੰਤ ਹਰਚੰਦ ਸਿੰਘ ਲੋਂਗੋਵਾਲ ਦੀ ਲੀਡਰਸ਼ਿਪ ਵਿਚ ਭਰੋਸੇ ਦਾ ਮਤਾ ਪੇਸ਼ ਕੀਤਾ, ਜਿਸ ਦੀ ਤਾਈਦ ਕਰਦਿਆਂ ਸ: ਸੁਰਜਨ ਸਿੰਘ ਠੇਕੇਦਾਰ ਨੇ ਕਿਹਾ ਕਿ ਪੰਥ



www.AKJ.Org

ਤੇ ਸੰਕਟ ਦੇ ਟਾਕਰੇ ਲਈ ਸਾਨੂੰ ਆਪਣੇ ਸਾਰੇ ਮਤਭੇਦ ਭੁਲਾ ਕੇ ਇਕ ਹੋ ਜਾਣਾ ਚਾਹੀਦਾ ਹੈ । ਇਹ ਮਤਾ ਜੈਕਾਰਿਆਂ ਦੀ ਗੂੰਜ ਵਿਚ ਸਰਬ ਸੰਮਤੀ ਨਾਲ ਪਾਸ ਕਰ ਦਿਤਾ ਗਿਆ ।

**ਸੰਤ ਲੌਂਗੋਵਾਲ ਨੇ ਭਿੰਡਰਾਂ ਵਾਲੇ ਤੇ ਜ: ਤਲਵੰਡੀ ਦੇ ਮੋਰਚੇ ਅਪਣਾ ਲਏ–**

'ਅਕਾਲੀ ਪਤ੍ਰਕਾ', ੨੭ ਜਨਵਰੀ, ਪੰਨਾ ੨–

ਅੰਮ੍ਰਿਤਸਰ, ੨੬ ਜੁਲਾਈ–(ਵਿਸ਼ੇਸ਼ ਪ੍ਰਤੀਨਿਧ) ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਅੱਜ ਅਕਾਲੀ ਦਲ ਤਲਵੰਡੀ ਅਤੇ ਸੰਤ ਭਿੰਡਰਾਂ ਵਾਲਿਆਂ ਵਲੋਂ ਲਾਏ ਗਏ ਮੋਰਚਿਆਂ ਨੂੰ ਅਪਣਾ ਕੇ ਸਾਂਝਾ ਮੋਰਚਾ ਸ਼ੁਰੂ ਕਰਨ ਦਾ ਐਲਾਨ ਕਰ ਦਿਤਾ ।

ਅਜ ਇਥੇ ਅਕਾਲੀ ਦਲ ਦੇ ਜਰਨਲ ਇਜਲਾਸ ਵਿਚ ਸ਼ਾਮਲ ਹੋਏ ਡੈਲੀਗੇਟਾਂ ਨੂੰ ਸੰਬੋਧਨ ਕਰਦਿਆਂ ਸੰਤ ਲੌਂਗੋਵਾਲ ਨੇ ਐਲਾਨ ਕੀਤਾ ਕਿ ਮੋਰਚੇ ਦਾ ਕੇਂਦਰ ਸ੍ਰੀ ਅਕਾਲ ਤਖ਼ਤ ਸਾਹਿਬ ਹੋਵੇਗਾ ਤੇ ਪਹਿਲਾ ਜਥਾ ਅਪੋਜ਼ੀਸ਼ਨ ਨੇਤਾ ਸ. ਪ੍ਰਕਾਸ਼ ਸਿੰਘ ਬਾਦਲ ੪ ਅਗਸਤ ਨੂੰ ਲੈ ਕੇ ਜਾਣਗੇ ।

ਉਹਨਾਂ ਕਿਹਾ ਕਿ ਇਹ ਮੋਰਚਾ ਸ੍ਰੀ ਆਨੰਦਪੁਰ ਸਾਹਿਬ ਦੇ ਮਤੇ ਦੇ ਘੇਰੇ 'ਚ ਆਉਂਦੀਆਂ ਸਾਰੀਆਂ ਮੰਗਾਂ ਤੇ ਗ੍ਰਿਫ਼ਤਾਰ ਸਿੰਘਾਂ ਦੀ ਰਿਹਾਈ ਲਈ ਲਾਇਆ ਜਾ ਰਿਹਾ ਹੈ । ਉਹਨਾਂ ਕਿਹਾ ਕਿ ਸਭ ਤੋਂ ਪਹਿਲਾਂ ਸ: ਬਾਦਲ, ਫਿਰ ਸਾਰੀ ਅਕਾਲੀ ਵਿਧਾਇਕ, ਫਿਰ ਸ਼ਰੋਮਣੀ ਕਮੇਟੀ ਦੇ ਮੈਂਬਰ ਅਤੇ ਫਿਰ ਜਥੇਦਾਰ ਗ੍ਰਿਫ਼ਤਾਰੀ ਲਈ ਜਥੇ ਲੈ ਕੇ ਜਾਣਗੇ । ਐਮ-ਪੀਜ਼ ਵੀ ਜਥੇ ਲੈ ਕੇ ਜਾਣਗੇ । ਜਥੇ ਰੋਜ਼ਾਨਾ ਜਾਣਗੇ ।

ਉਹਨਾਂ ਸਮੂਹ ਸਿੰਘ ਸਭਾਵਾਂ, ਸਿੱਖ ਸੰਪਰਦਾਵਾਂ ਨੂੰ ਅਪੀਲ ਕੀਤੀ ਕਿ ਉਹ ਮੋਰਚੇ ਵਿਚ ਕੁਦ ਪੈਣ । ਉਹਨਾਂ ਕਿਹਾ ਕਿ ਹਰ ਪਿੰਡ ਵਿਚੋਂ ਜਥੇ ਗ੍ਰਿਫ਼ਤਾਰੀਆਂ ਲਈ ਚੱਲਣ । ਸੰਤ ਜੀ ਨੇ ਕਿਹਾ ਕਿ ਅਕਾਲ ਤਖ਼ਤ ਤੋਂ ਜੱਥੇ ਚਲ ਕੇ ਡੀ. ਸੀ. ਦਫ਼ਤਰ ਦਾ ਘੇਰਾਓ ਕਰਨਗੇ ਤੇ ਸਰਕਾਰ ਦੇ ਕੰਮ ਕਾਜ ਠੱਪ ਕਰਕੇ ਰੱਖ ਦੇਣਗੇ ਤੇ ਸਰਕਾਰ ਨੂੰ ਗ੍ਰਿਫ਼ਤਾਰੀਆਂ ਲਈ ਮਜਬੂਰ ਕਰਨਗੇ ।.........

**ਸਰਦਾਰ ਟੌਹੜਾ**–ਸ਼ਰੋਮਣੀ ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਟੋਹੜਾ ਨੇ ਕਿਹਾ ਕਿ ਸਰਕਾਰ ਸਿਖੀ ਨੂੰ ਬਲਵਾਨ ਨਹੀਂ ਹੋਣ ਦੇਣਾ ਚਾਹੁੰਦੀ, ਉਹ ਸਿਖੀ ਨੂੰ ਖ਼ਤਮ ਕਰਨਾ ਚਾਹੁੰਦੀ ਹੈ । ਉਹ ਸਿਖੀ ਦੇ ਪ੍ਰਚਾਰ ਦੇ ਸ਼ੋਮੇ ਬੰਦ ਕਰਨਾ ਚਾਹੁੰਦੀ ਹੈ। ਉਹਨਾਂ ਕਿਹਾ ਕਿ ਭੈ ਰਹਿਤ ਹੋ ਕੇ ਸਿੰਘਾਂ ਨੂੰ ਮੈਦਾਨ ਵਿਚ ਕੁਦਣਾ ਚਾਹੀਦਾ ਹੈ । ਉਹਨਾਂ ਕਿਹਾ ਕਿ ਸਾਡਾ ਧਰਮ ਪਹਿਲਾਂ ਹੈ ਤੇ ਰਾਜਨੀਤੀ ਪਿਛੋਂ । ਉਹਨਾਂ ਕਿਹਾ ਕਿ ਸੰਤ ਜੀ ਨੂੰ ਸਾਰੀ ਪੰਥਕ ਸ਼ਕਤੀ ਨੂੰ ਇਕੱਠਾ ਕਰਕੇ ਦਿਲੀ ਦੇ ਵਿਰੁਧ ਜਹਾਦ ਕਰਨਾ ਚਾਹੀਦਾ ਹੈ । ਉਹਨਾਂ ਕਿਹਾ ਕਿ ਸਾਨੂੰ ਸਭ ਸੰਪਰਦਾਵਾਂ ਦੀ ਜਿਹਨਾਂ ਦੇ ਸਿਧਾਂਤ ਸਾਡੇ ਨਾਲ ਮੇਲ ਖਾਂਦੇ ਹਨ, ਮਦਦ ਲੈਣੀ ਚਾਹੀਦੀ ਹੈ ਤੇ ਪਿਛਲੀਆਂ ਗੱਲਾਂ ਭੁਲ ਜਾਣੀਆਂ ਚਾਹੀਦੀਆਂ ਹਨ । ਉਹਨਾਂ ਕਿਹਾ ਕਿ ਸੰਤ ਜੀ ਮੈਨੂੰ ਪਹਿਲਾ ਜਥਾ ਲੈ ਕੇ ਜਾਣ ਦੇਣ ।

**'ਇੰਡੀਅਨ ਐਕਸਪ੍ਰੈਸ' ਧੱਕੇਸ਼ਾਹੀ ਵਿਰੁਧ ਮੋਰਚੇ ਸੰਬੰਧੀ–**

ਅਕਾਲੀ ਦਲ ਦਾ ਹਕੂਮਤ ਦੇ, ਸਿੱਖਾਂ ਨਾਲ ਹੋ ਰਹੀ ਧੱਕੇਸ਼ਾਹੀ ਵਿਰੁੱਧ ਮੋਰਚਾ ਲਗਾਉਣ ਬਾਰੇ 'ਇੰਡੀਅਨ ਐਕਸਪ੍ਰੈਸ' ੨੭ ਜੁਲਾਈ ੮੨ ਸਫਾ ੧ ਤੇ ਛਪੇ ਬਿਆਨ ਦੇ ਕੁਝ ਹਿੱਸੇ ਦਾ ਉਲੱਥਾ ਇਉਂ ਹੈ :–

ਡੈਲੀਗੇਟਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਸੰਤ ਲੌਂਗੋਵਾਲ ਜੀ ਨੇ ਕਿਹਾ, ਸਾਡੀ ਪਾਰਟੀ ਹਮੇਸ਼ਾ ਹੀ ਸਰਕਾਰ ਵਲੋਂ ਧੱਕੇ ਵਿਰੁਧ ਲੜਦੀ ਆਈ ਹੈ । ਇਸ ਲਈ ਖਾਲਸਾ ਪੰਥ ਦਾ ਅੰਗ–ਭਾਵੇਂ ਅਖੰਡ ਕੀਰਤਨੀ ਜਥਾ ਹੈ, ਭਾਵੇਂ ਸੰਤ ਜਰਨੈਲ ਸਿੰਘ ਜੀ, ਅਤੇ ਭਾਵੇਂ ਆਲ ਇੰਡੀਆ ਸਿਖ ਸਟੂਡੈਂਟ ਫ਼ੈਡਰੇਸ਼ਨ ਹੈ, ਜੋ ਕਿ ਅੱਗੇ ਹੀ ਸਰਕਾਰੀ ਅਨਿਆਇ ਦੇ ਖ਼ਿਲਾਫ਼ ਜਦੋ-ਜਹਿਦ ਕਰ ਰਹੇ ਹਨ, ਸਾਡੀ ਉਨ੍ਹਾਂ ਨੂੰ ਪੂਰੀ ਹਮਾਇਤ ਹੈ । ਉਨ੍ਹਾਂ ਨੇ ਫਿਰ ਦੁਹਰਾਇਆ ਕਿ ਉਨ੍ਹਾਂ ਦੀ ਪਾਰਟੀ ਧਾਰਮਕ, ਭਾਈਚਾਰਕ ਅਤੇ ਮਾਲੀ ਮੰਗਾਂ ਬਾਰੇ ਹਮੇਸ਼ਾ ਜਦੋ-ਜਹਿਦ ਕਰਦੀ ਆਈ ਹੈ । ਇਨ੍ਹਾਂ ਮੰਗਾਂ ਵਿੱਚ ਆਲਇੰਡੀਆ ਗੁਰਦਵਾਰਾ ਐਕਟ,



www.AKJ.Org

ਚੰਡੀਗੜ੍ਹ ਦਾ ਪੰਜਾਬੀ ਇਲਾਕੇ ਵਿਚ ਸ਼ਾਮਲ ਕਰਨਾ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਪਵਿੱਤਰ ਸ਼ਹਿਰ ਕਰਾਰ ਦਿਤੇ ਜਾਣਾ ਸ਼ਾਮਲ ਹਨ। ਏਸੇ ਸੰਬੰਧ ਵਿੱਚ ਸ: ਪ੍ਰਕਾਸ਼ ਸਿੰਘ ਬਾਦਲ ੪ ਅਗਸਤ ੧੯੮੨ ਨੂੰ ਇਕ ਭਾਰੀ ਜਥੇ ਦੀ ਅਗਵਾਈ ਕਰਕੇ ਡੀ. ਸੀ. ਦੀ ਕੋਠੀ ਮੂਹਰੇ ਗ੍ਰਿਫਤਾਰੀ ਦੇਣਗੇ। ਇਸ ਤਰ੍ਹਾਂ ਪੰਥ ਨੇ ਸਰਕਾਰ ਦੀ ਧੱਕੇ-ਸ਼ਾਹੀ ਵਿਰੁੱਧ ਲਗੇ ਮੋਰਚੇ ਨੂੰ ਅਪਣਾ ਲਿਆ ਹੈ।

---

**ਬੇਨਤੀ**—ਜੁਲਾਈ ੧੯੮੨ ਦੇ 'ਸੂਰਾ' ਪਰਚਾ ਰਾਹੀਂ ਦੂਰ ਨੇੜੇ ਵਿਚਰ ਰਹੀਆਂ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਕੀਤੀ ਗਈ ਸੀ ਕਿ ਦਿੱਲੀ ਦੁਸਹਿਰੇ ਸਮਾਗਮ ਤੇ ਜਥੇਦਾਰੀ ਦੀ ਸੇਵਾ ਕਿਸੇ ਯੋਗ ਵਿਅਕਤੀ ਨੂੰ ਸੌਂਪੀ ਜਾਏ, ਕਿਉਂਕਿ ਸੇਹਤ ਕਾਰਨ ਦਾਸ ਵਿਚ ਇਸ ਸੇਵਾ ਨੂੰ ਨਿਭਾਉਣ ਦੀ ਯੋਗਤਾ ਨਹੀਂ ਰਹੀ। ਇਸ ਲਈ ਸਮੂਹ ਗੁਰਸਿਖਾਂ ਦੇ ਚਰਨਾਂ ਵਿਚ ਦੁਬਾਰਾ ਬੇਨਤੀ ਹੈ ਕਿ ਇਸ ਗੰਭੀਰ ਮਸਲੇ ਤੇ ਆਪੋ ਆਪਣੇ ਸੁਭ ਵਿਚਾਰ ਪੇਸ਼ ਕਰਨ ਲਈ ਜ਼ਰੂਰ ਸਮਾਂ ਕਢ ਕੇ ਦਿਲੀ ਸਮਾਗਮ ਤੇ ਪਹੁੰਚਣ ਦੀ ਖੇਚਲ ਕੀਤੀ ਜਾਵੇ।

ਖਾਲਸਾ ਜੀ ਦਾ ਸੇਵਾਦਾਰ—ਰਾਮ ਸਿੰਘ (ਜਥੇਦਾਰ, ਅਖੰਡ ਕੀਰਤਨੀ ਜਥਾ)

---

## ਸੂਰਾ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ 17 ਪਾਠਕਾਂ ਵਿਚੋਂ ਸ: ਸੁਬੇਗ ਸਿੰਘ ਆਸਟ੍ਰੇਲੀਆ ਵਲੋਂ ੬50/–ਰੁਪਏ ਅਤੇ ਬਾਕੀ ਸਭ ਦੇ ਡੇਢ ਡੇਢ ਸੌ ਰੁਪਏ ਪੁਜੇ ਹਨ। ਇਨ੍ਹਾਂ ਦੀ ਬੈਂਕ ਚੋਂ ਬਣਵਾਈ ਸਾਂਝੀ ਐਫ.ਡੀ.ਦਾ ਨੰਬਰ ਹੈ–313625/438/82 ਮਿਤੀ 27-7-82 ਤੋਂ 27-7-85, ਰਕਮ 3050/–ਰੁਪਏ ਹੈ–ਸ: ਕੰਵਲਜੀਤ ਸਿੰਘ ਫਿਰੋਜ਼ਪੁਰ ੬੦੨੬, ਸ੍ਰੀਮਤੀ ਜਗਦੀਸ਼ ਕੌਰ ੬੦੨੭, ਸ: ਮਹਿੰਦਰ ਸਿੰਘ ਸਰੀਂਹ ੬੦੨੮, ਸ: ਗੁਰਬਚਨ ਸਿੰਘ ਚਾਚੋਕੀ ੬੦੨੯, ਸ: ਦਰਸ਼ਨ ਸਿੰਘ ਸੁੱਨੜ ਨੂਰ ਮਹਿਲ ੬੦੩੦, ਸ: ਚਰਨਜੀਤ ਸਿੰਘ ੬੦੩੧, ਸ: ਮਹਿੰਦਰ ਸਿੰਘ ਭਸੀਨ ਦਿੱਲੀ ੬੦੩੨, ਸਰਦਾਰਨੀ ਜਗਮੋਹਨ ਕੌਰ ੬੦੩੩, ਸਰਦਾਰਨੀ ਸੀਤਲ ਕੌਰ ਐਸ ਏ ਐਸ ਨਗਰ ੬੦੩੪, ਸ੍ਰੀਮਤੀ ਤੇਜਿੰਦਰ ਕੌਰ ਇੰਮਫਲ ੬੦੩੫, ਸ: ਗੁਰਮੁਖ ਸਿੰਘ ਖੰਨਾ ੬੦੩੬, ਸ: ਕੁਲਵੰਤ ਸਿੰਘ ਕੋਛੜ ਨਵੀਂ ਦਿਲੀ ੬੦੩੭, ਸ: ਜਰਨੈਲ ਸਿੰਘ ਖੰਨਾ ੬੦੩੮, ਸ: ਹਰਭਜਨ ਸਿੰਘ ਨਵੀਂ ਦਿਲੀ ੬੦੩੯, ਸ: ਸੁਬੇਗ ਸਿੰਘ ਆਸਟ੍ਰੇਲੀਆ ੬੦੪੦ (੨੦੮੦), ਸ: ਪੂਰਨ ਸਿੰਘ ਐਂਡ ਕੋ ੬੦੪੧, ਸ: ਦੀਦਾਰ ਸਿੰਘ ਦਰਜ-ਲਿਬੀਆ ੬੦੪੨

## ਪੁਰਾਣੇ ਅਮਾਨਤੀ ਲਾਈਫ ਮੈਂਬਰ

19 ਪੁਰਾਣੇ ਅਮਾਨਤੀ ਲਾਈਫ਼ ਮੈਂਬਰਾਂ ਵਲੋਂ ਹੇਠ ਲਿਖੇ ਅਨੁਸਾਰ ਪੰਜਾਹ ਪੰਜਾਹ ਰੁਪਏ ਪੁਜੇ ਹਨ। ਸਾਂਝੀ ਐਫ.ਡੀ. ਦਾ ਨੰਬਰ ਇਹ ਹੈ-313624/437/82 ਮਿਤੀ 27-7-82 ਤੋਂ 27-7-85 ਤਕ ਰਕਮ 950/–ਰੁਪਏ ਹੈ–ਸ: ਮਨਜੀਤ ਸਿੰਘ ਚਾਵਲਾ ੩੦੦੭, ਸ: ਮਹਿੰਦਰ ਸਿੰਘ ੩੦੫੬, ਸਰਦਾਰਨੀ ਕਰਨਲ ਮਹਿੰਦਰ ਸਿੰਘ ੩੦੮੭, ਸ: ਦਿਲਬਾਗ ਸਿੰਘ ੩੧੦੦, ਮੈ: ਗੁਰਬਚਨ ਸਿੰਘ ਸਤਨਾਮ ਸਿੰਘ ੩੧੪੨, ਸ: ਕਿਰਪਾਲ ਸਿੰਘ ਪਸ਼ੌਰੀ ੩੩੧੦, ਸ: ਜਰਨੈਲ ਸਿੰਘ ਰਾਏ ੩੩੬੧, ਡਾ: ਏ. ਐਸ. ਸੰਧੂ ੩੫੦੧, ਮਿਸਿਜ਼ ਜੀ. ਕੇ. ਸਿੰਘ ੩੫੬੨, ਬੀਬੀ ਹਰਦਰਸ਼ਨ ਕੌਰ M.A.,B.T. ੩੬੭੨, ਮਿਸਤਰੀ ਇੰਦਰ ਸਿੰਘ ਕਿਰਪਾਨਾਂ ਵਾਲੇ ੩੬੭੩, ਸ: ਭਗਤ ਸਿੰਘ ਭਾਟੀਆ ੩੭੦੭, ਸ: ਜੀਵਨ ਸਿੰਘ ਕੈਸ਼ੀਅਰ ੩੭੪੭, Sgt. ਧਰਮ ਸਿੰਘ ੩੮੧੭, ਸ: ਅਜੀਤ ਸਿੰਘ ੩੮੫੯, ਸ: ਬਲਦੇਵ ਸਿੰਘ ੩੮੬੪, ਸ: ਮੋਹਨ ਸਿੰਘ ਵਿਰਦੀ ੩੮੩੭, ਅਨੰਦ-ਮੋਟਰਜ਼ ੩੮੯੮, ਗੁਰਦਵਾਰਾ ਸਾਹਿਬ ਨਾਨਕ ਨਕੇਤਨ ੩੯੦੬।

**ਭੁਲ ਦੀ ਸੋਧ**—ਫਰਵਰੀ ੮੨ 'ਸੂਰਾ' ਵਿਚ ਪੁਰਾਣੇ ਅਮਾਨਤੀ ਲਾਈਫ਼ ਮੈਂਬਰ ਦਾ ਪੁਜਾ ਵਾਧਾ ੫੦/–ਵਲੋਂ ਸ: ਅਜੀਤ ਸਿੰਘ ਦਿੱਲੀ ਚਿਟ ਨੰਬਰ ੩੦੪੩ ਦੀ ਥਾਂ ਗਿ: ਅਜੀਤ ਸਿੰਘ ਲੁਧਿਆਣਾ ਚਿਟ ਨੰਬਰ ੩੦੪੨ ਪੜ੍ਹੋ ਜੀ।

---

## ਆਪਣੀ ਕਿਰਤ ਕਮਾਈ ਵਰਤਣੀ ਹੀ ਯੋਗ ਹੈ

ਪੁਰਾਣੇ ਅਮਾਨਤੀ ਲਾਈਫ ਮੈਂਬਰਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਜੇ ਆਪ ਨੇ ਅਜੇ ਤਕ ਵਧੇ ਹੋਏ ਰੇਟਾਂ ਅਨੁਸਾਰ ੫੦/—ਨਹੀਂ ਭੇਜੇ ਤਾਂ ਆਪ ਦਾ ਇਹ ਘਾਟਾ ਸੰਗਤਾਂ ਦੇ ਦਸਵੰਧ ਦੀ ਸਹਾਇਤਾ ਵਿਚੋਂ ਪੂਰਾ ਕੀਤਾ ਜਾ ਰਿਹਾ ਹੈ। ਸੋ ਆਪ ਜੀ ੫੦/—ਹੋਰ ਭੇਜ ਕੇ ਆਪਣੀ ਅਮਾਨਤ ੧੫੦/—ਪੂਰੀ ਕਰ ਕੇ ਆਪਣਾ ਚੰਦਾ ਪੂਰਾ ਕਰੋ।



www.AKJ.Org

## ਸ੍ਰੀ ਪਟਨਾ ਸਾਹਿਬ ਵਿਖੇ ਅਖੰਡ ਕੀਰਤਨ ਸਮਾਗਮ

ਭਾਈ ਸੰਤੋਖ ਸਿੰਘ ਜੀ ਸੂਚਨਾ ਦਿੰਦੇ ਹਨ ਕਿ ਪਟਨਾ ਸਾਹਿਬ ਤੇ ਧਨਬਾਦ ਦੀਆਂ ਸੰਗਤਾਂ ਦੇ ਉਦਮ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਗੁਰਪੁਰਬ ਦੇ ਸੰਬੰਧ ਵਿਚ ਹੇਠ ਲਿਖੇ ਅਨੁਸਾਰ ਕੀਰਤਨ ਪ੍ਰੋਗਰਾਮ ਅਖੰਡ ਕੀਰਤਨੀ ਜਥਿਆਂ ਵਲੋਂ ਹੋ ਰਹੇ ਹਨ—

19-20-21 ਅਗਸਤ ਤਿੰਨੇ ਦਿਨ ਸਵੇਰੇ 5 ਤੋਂ 8 ਕੀਰਤਨ ਆਸਾ ਦੀ ਵਾਰ ਤਖਤ ਸਾਹਿਬ ਵਿਖੇ
19-20 ,, ਦੋਵੇਂ ਦਿਨ ਸ਼ਾਮ 6 ਤੋਂ 9 ਸੋਦਰ ਦੀ ਚੌਕੀ ,, ,,
21 ਅਗਸਤ ਸ਼ਾਮ ਰੈਣ ਸਬਾਈ ਕੀਰਤਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਰਕੀਟ ਵਿਖੇ ਹੋਣਗੇ।

---

## ਅਖੰਡ ਕੀਰਤਨੀ ਜਥਾ ਯੂ. ਕੇ. (ਇੰਗਲੈਂਡ) ਵਲੋਂ ਰੈਣ ਸਬਾਈ ਕੀਰਤਨ

ਭਾਈ ਗੁਰਨਾਮ ਸਿੰਘ ਜੀ ਰੈਡਿੰਗ ਤੋਂ ਹੇਠ ਲਿਖੇ ਪ੍ਰੋਗਰਾਮ ਭੇਜਦੇ ਹਨ—

(1) ਰੈਣ ਸਬਾਈ ਕੀਰਤਨ 21 ਅਗਸਤ ਸ਼ਨੀਵਾਰ ਰਾਤ 7 ਵਜੇ ਅਰੰਭ ਅਤੇ ਐਤਵਾਰ ਸਵੇਰੇ 6 ਵਜੇ ਭੋਗ
ਸੈਂਟਰਲ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ, 38 ਬਰਕਲੇ ਸਟਰੀਟ, ਗਲਾਸਗੋ, ਜੀ-3, ਫੋਨ : 041-332-2960
ਪੁਛ ਗਿਛ :--ਬੀਬੀ ਮਨਮੋਹਨ ਕੌਰ 041-334-4470, ਭਾ: ਅਵਤਾਰ ਸਿੰਘ 041-649-0315, ਭਾਈ ਅਮਰੀਕ ਸਿੰਘ 041-332-6970

(2) ਰੈਣ ਸਬਾਈ ਕੀਰਤਨ 18 ਸਤੰਬਰ ਸ਼ਨੀਵਾਰ ਰਾਤ 7 ਵਜੇ ਅਰੰਭ ਅਤੇ ਐਤਵਾਰ ਸਵੇਰੇ 6 ਵਜੇ ਭੋਗ
ਗੁਰੂ ਨਾਨਕ ਪ੍ਰਕਾਸ਼ ਗੁਰਦਵਾਰਾ ਵਿਖੇ, Harner Lane, Coventry
ਪੁਛ ਗਿਛ :—ਭਾਈ ਮਹਿੰਦਰ ਸਿੰਘ ਫੋਨ 0203-663802 ਭਾ: ਭੁਪਿੰਦਰ ਸਿੰਘ ਫੋਨ 0203-458429

---

## ਅਖੰਡ ਕੀਰਤਨੀ ਜਥਾ ਲੁਧਿਆਣਾ ਵਲੋਂ ਪਿੰਡਾਂ ਵਿਚ ਕੀਰਤਨ ਪ੍ਰੋਗਰਾਮ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਖ਼ਾਤਰ ਹੋਏ ਸ਼ਹੀਦ ਸਿੰਘਾਂ ਦੀ ਯਾਦ ਵਿਚ ਲੁਧਿਆਣੇ ਦੇ ਪਿੰਡਾਂ ਵਿਚ ਹਰ ਮੰਗਲਵਾਰ ਸ਼ਾਮ ਨੂੰ 7-30 ਤੋਂ 9-30 ਤਕ ਦੇ ਪ੍ਰੋਗਰਾਮ—10 ਅਗਸਤ ਪੱਬੀਆਂ ਨੇੜੇ ਚੋਕੀਮਾਨ, 17 ਅਗਸਤ ਸੰਕਰ ਨੇੜੇ ਡੇਹਲੋਂ, 24 ਅਗਸਤ ਟੂਸਾ, 31 ਅਗਸਤ ਭੋਹਾ ਨੇੜੇ ਗੁਰੂ ਸਰ ਸੁਧਾਰ, 7 ਸਤੰਬਰ ਰੱਤੋਵਾਲ।

ਦਾਸਰਾ—ਦਰਸ਼ਨ ਸਿੰਘ (ਡਾਕਟਰ), 614 ਆਰ, ਮਾਡਲ ਟਾਊਨ, ਲੁਧਿਆਣਾ

---

## ਬੱਸੀ ਪਠਾਣਾਂ (ਪਟਿਆਲਾ) ਵਿਖੇ ਰੈਣ ਸਬਾਈ ਕੀਰਤਨ

ਭਾਈ ਜਸਵੰਤ ਸਿੰਘ ਜੀ ਬੇਨਤੀ ਕਰਦੇ ਹਨ ਕਿ 19 ਅਗਸਤ ਵੀਰਵਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਗੁਰਪੁਰਬ ਹੈ। ਇਸ ਸੁਭ ਦਿਵਸ ਸਮੇਂ ਬਸੀ ਪਠਾਣਾਂ ਧੱਬੀ ਮਹੱਲਾ ਲਾਲ ਗੁਰਦੁਆਰਾ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਜੀ।

---

## ਪਿੰਡ ਕੋਠੇ ਬੱਗੂ (ਜਗਰਾਉਂ) ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾ: ਸਤਵੰਤ ਸਿੰਘ ਜੀ ਰਾਮਪੁਰ ਸੂਚਤ ਕਰਦੇ ਹਨ ਕਿ 28 ਅਗਸਤ ਸ਼ਨੀਵਾਰ ਰਾਤ ਨੂੰ ਨੰਬਰਦਾਰ ਮੋਹਰ ਸਿੰਘ ਗਰੇਵਾਲ ਦੇ ਗ੍ਰਿਹ ਪਿੰਡ ਕੋਠੇ ਬੱਗੂ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਇਹ ਪਿੰਡ ਜਗਰਾਉਂ-ਮੋਗਾ ਰੋਡ ਉਤੇ ਜਗਰਾਓਂ ਦੇ ਨੇੜੇ ਹੈ।

---

## ਗ਼ਜ਼ਨੀਪੁਰ (ਗੁਰਦਾਸਪੁਰ) ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ

ਮਾਸਟਰ ਨਿਰੰਜਨ ਸਿੰਘ ਜੀ ਗੁਰਦਾਸਪੁਰ ਸੂਚਨਾ ਭੇਜਦੇ ਹਨ ਕਿ 13-14-15 ਅਗਸਤ ਨੂੰ ਸ਼ਹੀਦ ਫੌਜਾ ਸਿੰਘ ਜੀ ਦੀ ਯਾਦ ਵਿਚ ਉਨ੍ਹਾਂ ਦੇ ਪਰਵਾਰ ਵਲੋਂ, ਉਨ੍ਹਾਂ ਦੇ ਪਿੰਡ ਗਜ਼ਨੀਪੁਰ ਵਿਖੇ ਸ੍ਰੀ ਅਖੰਡਪਾਠ ਹੋ ਰਹੇ ਹਨ। 15 ਨੂੰ ਸਵੇਰੇ ਭੋਗ ਤੋਂ ਉਪਰੰਤ 5 ਤੋਂ 10 ਤਕ ਅਖੰਡ ਕੀਰਤਨ ਹੋਣਗੇ। ਇਹ ਪਿੰਡ ਗੁਰਦਾਸਪੁਰ ਡੇਰਾ ਬਾਬਾ ਨਾਨਕ ਰੋਡ ਤੇ ਪੰਜਵੇਂ ਮੀਲ ਤੇ ਖੱਬੇ ਹੱਥ ਹੈ।

---

## ਪਿੰਡ ਬੱਤਾ (ਰੋਪੜ) ਵਿਖੇ ਰੈਣ ਸਬਾਈ ਕੀਰਤਨ

ਦਾਸ ਦੇ ਗ੍ਰਿਹ ਵਿਖੇ 11 ਸਤੰਬਰ 1982 ਸ਼ਨੀਵਾਰ ਦੀ ਰਾਤ ਰੈਣ ਸਬਾਈ ਕੀਰਤਨ ਹੋ ਰਹੇ ਹਨ। ਮੋਰਿੰਡਾ ਤੋਂ ਆਖਰੀ 5 ਵਜੇ, ਤੇ ਖਰੜ ਤੋਂ 6 ਵਜੇ ਬਸੀ ਪਠਾਣਾਂ ਲਈ ਚਲਦੀਆਂ ਹਨ। ਸੋਤਲ ਦੇ ਅੱਡੇ ਤੋਂ ਪਿੰਡ ਬੱਤਾ ਇਕ ਮੀਲ ਹੈ।

ਦਾਸਰਾ—ਪਿਆਰਾ ਸਿੰਘ Ex. C.P.L. ਪਿੰਡ ਬੱਤਾ, ਡਾ: ਗੜਾਂਗਾ (ਰੋਪੜ)

---

## ਗੁ: ਕਿਲ੍ਹਾ ਲੋਹਗੜ੍ਹ ਸਾਹਿਬ ਤੇ ਗੁਰੂ ਕੇ ਮਹਿਲ ਵਿਖੇ ਅਖੰਡ ਕੀਰਤਨ

ਅਖੰਡ ਕੀਰਤਨੀ ਜਥਾ ਸ੍ਰੀ ਅੰਮ੍ਰਿਤਸਰ ਵਲੋਂ ਗੁਰਦੁਆਰਾ ਕਿਲ੍ਹਾ ਲੋਹਗੜ੍ਹ ਸਾਹਿਬ ਵਿਖੇ 22 ਅਗਸਤ ਐਤਵਾਰ ਸ਼ਾਮ ਨੂੰ ਅਤੇ ਗੁ: ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ ਵਿਖੇ 29 ਅਗਸਤ ਸ਼ਾਮ ਨੂੰ 5-30 ਤੋਂ 7-30 ਤਕ ਸੋਦਰ ਦੀ ਚੌਕੀ ਤੇ ਕੀਰਤਨ ਹੋਣਗੇ।

www.AKJ.Org

## ਦਿਲੀ ਸਾਲਾਨਾ ਅਖੰਡ ਕੀਰਤਨ ਸਮਾਗਮ 24 ਤੋਂ 27 ਸਤੰਬਰ 1982

ਪ੍ਰੋਗਰਾਮ ਸਤੰਬਰ ਦੇ 'ਸੂਰਾ' ਵਿਚ

## ਬਟਾਲਾ (ਗੁਰਦਾਸਪੁਰ) ਵਿਖੇ ਵਿਆਹ ਪੁਰਬ ਸਮੇਂ ਸਾਲਾਨਾ ਕੀਰਤਨ ਸਮਾਗਮ

### ਸੋਮਵਾਰ ਸਵੇਰੇ 23 ਤੋਂ 26 ਅਗਸਤ ਵੀਰਵਾਰ ਸਵੇਰ ਤਕ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਸਮੇਂ ਸਮੂਹ ਅਖੰਡ ਕੀਰਤਨ ਜਥਿਆਂ ਵਲੋਂ ਪ੍ਰੋਗਰਾਮ ਇਉਂ ਹੋਣਗੇ :—

23 ਸਤੰਬਰ ਸਵੇਰੇ 5-00 ਤੋਂ 7-45 ਕੀਰਤਨ ਆਸਾ ਦੀ ਵਾਰ, ਉਪਰੰਤ ਅਰੰਭ ਸ੍ਰੀ ਅਖੰਡਪਾਠ
ਸ਼ਾਮ 7-30 ਤੋਂ 10-00 ਸੋਦਰ ਦੀ ਚੌਕੀ ਤੇ ਅਖੰਡ ਕੀਰਤਨ
24 ,, ਸਵੇਰ 6-00 ਤੋਂ 9-00 ਕੀਰਤਨ ਆਸਾ ਦੀ ਵਾਰ
ਸ਼ਾਮ 7-30 ਤੋਂ 10-00 ਅਖੰਡ ਕੀਰਤਨ ਗੁਰਦੁਆਰਾ ਗੁਰੂ ਨਾਨਕ ਨਗਰ ਬਟਾਲਾ
25 ,, ਸਵੇਰ ਭੋਗ ਸ੍ਰੀ ਅਖੰਡ ਪਾਠ, ਉਪਰੰਤ 11 ਵਜੇ ਤਕ ਅਖੰਡ ਕੀਰਤਨ—ਸ਼ਾਮ 5 ਵਜੇ ਅੰਮ੍ਰਿਤ ਸਿੰਚਾਰ
ਰਾਤ 8-00 ਵਜੇ ਅਰੰਭ ਰੈਣ ਸਬਾਈ ਕੀਰਤਨ, ਸਮਾਪਤੀ 26 ਸਤੰਬਰ ਸਵੇਰੇ 7 ਵਜੇ

ਨੋਟ—ਰਿਹਾਇਸ਼ ਅਤੇ ਕੀਰਤਨ ਪ੍ਰੋਗਰਾਮ ਗੁਰੂ ਨਾਨਕ ਖਾਲਸਾ ਹਾਇਰ ਸੈਕੰਡਰੀ ਸਕੂਲ ਵਿਖੇ ਹੋਵੇਗਾ।

ਦਰਸ਼ਨ ਅਭਿਲਾਖੀ ਦਾਸਰੇ—ਅਖੰਡ ਕੀਰਤਨੀ ਜਥਾ ਜ਼ਿਲਾ ਗੁਰਦਾਸਪੁਰ

## ਚੰਡੀਗੜ੍ਹ ਵਿਖੇ ਮਹਾਨ ਅਖੰਡ ਕੀਰਤਨ ਸਮਾਗਮ

### 18 ਅਗਸਤ ਬੁਧਵਾਰ ਤੋਂ 22 ਅਗਸਤ ਐਤਵਾਰ ਸਵੇਰ ਤਕ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪ੍ਰਕਾਸ਼-ਗੁਰਪੁਰਬ ਦੇ ਸੰਬੰਧ ਵਿਚ ਅਖੰਡ ਕੀਰਤਨੀ ਜਥਿਆਂ ਵਲੋਂ ਪ੍ਰੋਗਰਾਮ—

18 ਅਗਸਤ ਸਵੇਰ 4 ਤੋਂ 6 ਕੀਰਤਨ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡ ਪਾਠ ਅਰੰਭ — ਗੁ: ਰਾਮਗੜ੍ਹੀਆ ਭਵਨ, ਸੈਕਟਰ 22-ਡੀ
ਸ਼ਾਮ 6 ਤੋਂ 9 ਸੋਦਰ ਤੇ ਅਖੰਡ ਕੀਰਤਨ — ਗੁਰਦੁਆਰਾ ਸੈਕਟਰ 21-ਸੀ
19 ,, ਸਵੇਰ 5 ਤੋਂ 8-30 ਕੀਰਤਨ ਆਸਾ ਦੀ ਵਾਰ — ਗੁ: ਰਾਮਗੜ੍ਹੀਆ ਭਵਨ, ਸੈਕਟਰ 27-ਡੀ
ਸ਼ਾਮ 6 ਤੋਂ 9 ਸੋਦਰ ਤੇ ਅਖੰਡ ਕੀਰਤਨ — ਗੁਰਦੁਆਰਾ ਸੈਕਟਰ 22-ਡੀ
20 ,, ਸਵੇਰ 5 ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ 12 ਵਜੇ ਤਕ ਅਖੰਡ ਕੀਰਤਨ — ਗੁ: ਰਾਮਗੜ੍ਹੀਆ ਭਵਨ, ਸੈਕਟਰ 27-ਡੀ
ਸ਼ਾਮ 6 ਤੋਂ 9 ਸੋਦਰ ਤੇ ਅਖੰਡ ਕੀਰਤਨ — ਗੁ: ਸਿੰਘ ਸਭਾ ਐਸ.ਏ.ਐਸ. ਨਗਰ, ਫ਼ੇਜ਼ 1, ਮੋਹਾਲੀ
21 ,, ਸਵੇਰ 5 ਤੋਂ 12-30 ਅਖੰਡ ਕੀਰਤਨ — ਗੁਰਦੁਆਰਾ ਸੈਕਟਰ 8-ਸੀ
21 ,, ਅੰਮ੍ਰਿਤ ਸਿੰਚਾਰ ਸ਼ਾਮ 4 ਵਜੇ, ਰੈਣ ਸਬਾਈ ਕੀਰਤਨ ਸ਼ਾਮ 7 ਵਜੇ ਅਰੰਭ — ਗੁਰਦੁਆਰਾ ਸੈਕਟਰ 19-ਡੀ

ਨੋਟ—ਰਿਹਾਇਸ਼ ਰਾਮਗੜ੍ਹੀਆ ਭਵਨ (ਨਗਾਲਾ) ਬਸ ਸਟੈਂਡ ਦੇ ਨੇੜੇ), ਵਡੇ ਬਸ-ਅਡੇ ਤੋਂ ਲੋਕਲ ਬਸ 30 ਨੰਬਰ ਅਤੇ ਅਡੇ ਤੋਂ ਬਾਹਰ ਪਟਰੋਲ ਪੰਪ ਕੋਲੋਂ 8 ਤੇ 31 ਨੰਬਰ ਬਸ

ਪੁਛ ਗਿਛ—ਭਾਈ ਨਿਰੰਜਨ ਸਿੰਘ, 1285 ਸੈਕਟਰ 21-ਸੀ ਚੰਡੀਗੜ੍ਹ, ਫੋਨ 29121 P.P.

ਦਾਸਰੇ—ਅਖੰਡ ਕੀਰਤਨੀ ਜਥਾ ਚੰਡੀਗੜ੍ਹ

## ਅੰਬਾਲਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

### ਵੀਰਵਾਰ ਸਵੇਰੇ 12 ਅਗਸਤ ਤੋਂ 15 ਅਗਸਤ 1982 ਐਤਵਾਰ ਸਵੇਰ ਤਕ

ਪੰਜਾਬ ਦੇ ਬਟਵਾਰੇ ਸਮੇਂ ਹੋਏ ਸ਼ਹੀਦਾਂ ਦੀ ਯਾਦ ਵਿਚ ਅਖੰਡ ਕੀਰਤਨੀ ਜਥਿਆਂ ਵਲੋਂ ਪ੍ਰੋਗਰਾਮ —

12 ਅਗਸਤ ਸਵੇਰ 4-30 ਤੋਂ 9-30 ਭੋਗ ਸ੍ਰੀ ਅਖੰਡਪਾਠ ਉਪਰੰਤ ਕੀਰਤਨ — ਭਾਈ ਅਵਤਾਰ ਸਿੰਘ, 283, ਪ੍ਰੇਮ ਨਗਰ ਸ਼ਹਿਰ
ਸ਼ਾਮ 7-00 ਤੋਂ 9-00 ਚੌਕੀ ਸੋਦਰ ਤੇ ਅਖੰਡ ਕੀਰਤਨ — ਗੁ: ਸੀਸਗੰਜ ਪਾ: ੯, ਅੰਬਾਲਾ ਸ਼ਹਿਰ
13 ,, ਸਵੇਰ 5-00 ਤੋਂ 12-00 ਕੀਰਤਨ ਆਸਾ ਦੀ ਵਾਰ ਅਤੇ ਅਖੰਡ ਕੀਰਤਨ — ਗੁ: ਮੰਜੀ ਸਾਹਿਬ ਪਾ: ੬, ਅੰਬਾਲਾ ਸ਼ਹਿਰ
ਸ਼ਾਮ 7-00 ਤੋਂ 9 ਚੌਕੀ ਸੋਦਰ ਤੇ ਅਖੰਡ ਕੀਰਤਨ — ਗੁ: ਗੋਬਿੰਦਪੁਰਾ ਪਾ: ੧੦ ਅੰਬਾਲਾ ਸ਼ਹਿਰ
14 ,, ਸਵੇਰ 5-00 ਤੋਂ 12-00 ਆਸਾ ਦੀ ਵਾਰ ਤੇ ਅਖੰਡ ਕੀਰਤਨ — ਗੁ: ਮੰਜੀ ਸਾਹਿਬ ਪਾ: ੬, ਅੰਬਾਲਾ ਸ਼ਹਿਰ
ਅੰਮ੍ਰਿਤ ਸਿੰਚਾਰ ਸ਼ਾਮ 6 ਵਜੇ, ਰੈਣ ਸਬਾਈ ਕੀਰਤਨ ਸ਼ਾਮ 8 ਵਜੇ ਅਰੰਭ — ,, ,, ,, ,,

ਰਿਹਾਇਸ਼—ਗੁਰੂ ਹਰਿਗੋਬਿੰਦ ਸਾਹਿਬ ਹਾਈ ਸਕੂਲ, ਗੁ: ਮੰਜੀ ਸਾਹਿਬ ਵਿਖੇ ਹੋਵੇਗੀ। ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।

ਪੁਛ ਗਿਛ—ਮੈਨੇਜਰ ਗੁ: ਪ੍ਰ: ਕਮੇਟੀ, ਮੰਜੀ ਸਾਹਿਬ, ਅੰਬਾਲਾ ਸ਼ਹਿਰ ਫੋਨ 56195 ਦਾਸਰੇ—ਅਖੰਡ ਕੀਰਤਨੀ ਜਥਾ, ਅੰਬਾਲਾ ਛਾ:

'ਸੂਰਾ' ਮਾਸਕ ਪੱਤਰ, ਕੂਚਾ ਚਤਰ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

www.AKJ.Org